ਮਨਮੁਖੋਂ ਕਾ ਮਨ ਦਸੋ ਦਿਸਾ ਮੇਂ ਦੌੜਤਾ ਹੈ ਸੋ ਕਿਸ ਪ੍ਰਕਾਰ ਹਰਿਗੁਣ ਗਾਨ ਕਰੈ ਪੁਨਾ ਇੰਦ੍ਰੀਆਂ ਅਪਨੇ ੨ ਬਿਸ਼ਯੋਂਮੇਂ ਅਧਿਕ ਬਿਆਪਤ ਹੋਰਹੀ ਹੈਂ ਅਰ ਨਿਤੰਪ੍ਰਤਿ ਤਿਨਕੋ ਕਾਮ ਕ੍ਰੋਧ ਸੰਤਾਪ ਕਰਤੇ ਹੈਂ ਜੇ ਕਹੇ ਵਹੁ ਕਿਸੀ ਤਰਾਂ ਗੁਰੋਂ ਕੋ ਗਾਵੇ ਭੀ ਤਿਸ ਪਰ ਕਹਤੇ ਹੈਂ ॥ ੧ ॥

ਵਾਹੁ ਵਾਹੁ ਸਹਜੇ ਗੁਣ ਰਵੀਜੈ ॥ ਰਾਮ ਨਾਮੁ ਇਸੁ
ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥ ੧ ॥ ਰਹਾਉ ॥

ਹੇ ਭਾਈ ਪਰਮੇਸਰ (ਵਾਹੁ ਵਾਹੁ) ਧੰਨ ਹੈ ਧੰਨ ਹੈ ਐਸੇ ਕਹਿ ਕਰ ਕੇ (ਸਹਜੇ) ਸਾਂਤੀ ਪੂਰਬਕ ਹਰਿਗੁਣੋਂ ਮੇਂ ਰਮਣ ਕਰੀਏ ਇਸ ਜੁਗ ਮੈਂ ਜੋ ਦੁਰਲਭ ਸ੍ਰੀ ਰਾਮ ਨਾਮ ਹੈ ਤਿਸ ਹਰਿ ਰਸ ਕੋ ਗੁਰ ਉਪਦੇਸ਼ ਸੇ ਪਾਨ ਕਰੀਏ ॥

ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥ ੨ ॥

ਜਥ ਗੁਰ ਸਬਦ ਕੋ ਸਮਝੈ ਔਰ ਉਸਕਾ ਮਨ ਸੁਧ ਹੋਇ ਤਬ ਹਰਿ ਗੁਣੋਂ ਕੋ ਗਾਉਤਾ ਹੈ। ਜਥ ਗੁਰਮਤੀ ਹੋਕਰ ਆਪ ਹੀ ਅਪਨੇ ਸਰੂਪ ਕੋ ਪਹਿਚਾਨੈ ਤੌ ਨਿਜ ਸ੍ਵਰੂਪ ਮੇਂ ਬਾਸਾ ਪਾਉਤਾ ਹੈ ॥ ੨ ॥

Digitized by Panjab Digital Library | www.panjabdigilib.org

ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ ॥
ਹਰਿ ਨਿਰਮਲੁ ਸਦਾ ਸੁਖ ਦਾਤਾ ਮਨਿ ਚਿੰਦਿਆ ਫਲੁ ਪਾਉ ॥ ੩ ॥

ਤਾਂਤੇ ਮੈਂ ਅਪਨੇ ਮਨ ਪ੍ਰਤੀ ਐਸੇ ਕਹਤਾ ਹੂੰ ਏ ਮੇਰੇ ਮਨ ਤੂੰ ਨਿਤਜ ਪਰਮੇਸਰ ਕੇ ਰੰਗ ਮੇਂ ਰਾਤੇ ਹੂਏ ਨਿਤਜ ਹੀ ਹਰਿ ਕੇ ਗੁਣੋਂ ਕੋ ਗਾਇਨ ਕਰ। ਹਰਿ ਸੁਧ ਹੈ ਔਰ ਸਦਾ ਸੁਖੋਂ ਕਾ ਦੇਨੇ ਹਾਰਾ ਹੈ ਤਿਸ ਸੇ ਤੂੰ ਮਨਇਛਤ ਫਲ ਕੋ ਪਾਉ ॥ ੩ ॥

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥
ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥ ੪ ॥

ਦੇਖੋ ਹਰਿ ਕੀ ਸਰਣ ਹੋਨੇ ਸੇ ਹਮ ਨੀਚੋਂ ਸੇ ਊਤਮ ਭਏ ਹੈਂ । ਐਸੀ ਹਰਿ ਕੀ ਸਚੀ ਬਡਿਆਈਹੈ ਜਿਸਨੇ ਮੈਂ ਪਥਰ ਰੂਪ ਪਾਪੋਂ ਕਰ ਭਾਰੀ ਡੂਬਤਾ ਹੂਆ ਸੰਸਾਰ ਸਮੁੰਦਰ ਸੇ ਕਾਢ ਲੀਆ ਹੂੰ ॥ ੪ ॥

ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥
ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥ ੫ ॥

ਹੇ ਭਾਈ ਹਮ ਬਿਖ ਰੂਪ ਥੇ ਗੁਰਮਤ ਸੇ ਜਬ ਬੁਧਿ ਪ੍ਰਾਪਤਿ ਭਈ ਤਬ ਅੰਮ੍ਰਿਤ ਹੋਗਏ। ਅਰਥਾਤ ਜਨਮ ਮਰਣ ਸੇ ਰਹਤ ਹੋਗਏ ਹਮਨੇ ਅੰਤਸਕਰਣ ਮੇਂ ਭਗਤੀ ਕੀ ਬਾਸਨਾ ਬਸਾਈ ਹੈ ਇਸ ਸੇ ਆਕ ਸੇ (ਪਰਮਲ) ਚੰਦਨ ਹੋਗਏ ਹੈਂ।ਭਾਵ ਜੋ ਹਮ ਦੁਖ ਦੇਨੇ ਵਾਲੇ ਥੇ ਅਬ ਸੋਈ ਜੀਵੋਂ ਕੋ ਸੁਖ ਦੇਣੇ ਵਾਲੇ ਹੋਗਏ ਹੈਂ ॥ ੫ ॥

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿਨਾਮੁ ਧਿਆਇ ॥ ੬ ॥

ਸੰਸਾਰ ਮੇਂ ਇਹ ਮਾਨੁਖ ਜਨਮ ਦੁਰਲਭ ਜੋ ਬਡੇ ਭਾਗੋਂ ਸੇ ਆਕਰ ਕੇ ਖਟਿਆ ਭਾਵ ਸਫਲਾ ਕੀਆ ਹੈ ਜਿਸਕੇ ਪੂਰੇ ਭਾਗ ਹੈਂ ਤਿਸਕੋ ਸਤਗੁਰੂ ਮਿਲੇ ਹੈਂ ਅਰ ਤਿਸ ਗੁਰਮੁਖ ਨੇ ਹਰੀ ਨਾਮ ਕੋ ਧਿਆਇਆ ਹੈ ॥ ੬ ॥

ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥ ੭ ॥

ਅਰ ਜੋ ਮਨਮੁਖ ਹੈਂ ਸੋ ਭੂਲੇ ਹੈਂ ਕਿਉਂਕਿ ਵਹੁ ਬਿਖ ਰੂਪ ਵਿਸ਼ਿਓਂ ਵਾ ਮਾਇਆ ਮੇਂ ਲਗੇ ਹੈਂ ਅਰ ਤਿਨੋਂ ਨੇ (ਅਹਿਲਾ) ਬਿਅਰਥ ਹੀ ਇਸ ਮਾਨੁਖ ਜਨਮ ਕੋ ਗਵਾਇਆ ਹੈ ਹਰੀ ਕਾ ਨਾਮ ਨਿਤਜ ਸੁਖ ਕਾ ਸਮੁੰਦਰ ਹੈ ਐਸਾ ਸਚਾ ਗੁਰੋਂ ਕਾ ਉਪਦੇਸ ਜੀਵ ਕੋ ਨਹੀਂ ਭਾਇਆ ਹੈ ਇਸ ਸੇ ਵਹੁ ਨਹੀਂ ਪਾਇਆ ਹੈ॥ ੭ ॥

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ ॥ ੮ ॥ ੨ ॥

ਸ੍ਵਭਾਵਿਕ ਮੁਖ ਸੇ ਤੋ ਸਭ ਕੋਈ ਹਰਿ ਹਰਿ ਕਰਤਾ ਹੈ ਪਰੰਤੂ ਹਰੀ ਕੋ ਹਿਰਦੇ ਮੈਂ ਕਿਸੇ ਵਿਰਲੇ ਹੀ ਪੁਰਸ ਨੇ ਵਸਾਇਆ ਹੈ । ਸ੍ਰੀ ਗੁਰੂ ਜੀ ਕਹਤੇ ਹੈਂ ਜਿਸਕੇ ਹਿਰਦਜ ਨੇਂ ਬਸਾ ਹੈ ਤਿਸਨੇ ਸੰਸਾਰ ਸੇ (ਮੋਖ) ਛੁਟ ਕਰ ਮੁਕਤੀ ਕੋ ਵਾ ਕੈਵਲਜ ਮੁਕਤੀ ਕੋ ਪਾਇਆ ਹੈ ॥ ੮ ॥ ੨ ॥

ਵਡਹੰਸੁ ਮਹਲਾ ੧ ਛੰਤ ॥ ੧ ੴ ਸਤਿਗੁਰਪ੍ਰਸਾਦਿ ॥

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ਨਾਤਾ ਸੋ ਪਰਵਾਣੁ ਸਚੁ ਕਮਾਈਐ ॥

ਹੇ ਅਕਾਲ ਪੁਰਖ ਇਸ ਦੇਹ ਕੋ ਝੂਠ ਨੇ ਬਿਗਾੜ ਛੋਡਾ ਹੈ ਫਿਰ ਕਿਆ ਨਾਉਨਾ ਹ ਭਾਵ ਸੋ ਨਾਉਨਾ ਪਾਖੰਡ ਰੂਪ ਹੈ ਨਾਤਾ ਹੂਆ ਸੋ ਪੁਰਸ ਪਰਵਾਣ ਹੂਆ ਹੈ ਜੋ ਸਚ ਕੋ ਕਮਾਵਤਾ ਹੈ ॥

ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥
ਲਿਖੈ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥

ਜਬ ਸਤਜ ਨਾਮ ਜਪਨੇ ਕਰ ਅੰਤਸਕਰਣ ਸਚਾ ਹੋਤਾ ਹੈ (ਤਾਮਿ) ਤਬ ਤੂੰ ਸਚਾ ਪਾਈਤਾ ਹੈਂ । ਪੂਰਬਲੇ ਉਤਮ ਲੇਖ ਲਿਖੇ ਬਿਨਾਂ (ਸੁਰਤਿ) ਗਿਆਤ ਨਹੀਂ ਹੋਤੀ ਅਰ ਤੇਰੀ ਗਿਆਤ ਬਿਨਾਂ (ਬੋਲਿ) ਬਚਨ ਬੋਲ ਕਰ ਗਵਾਇ ਲਈਦੇ ਹੈਂ ॥

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ੧ ॥

ਜਿਸ ਅਸਥਾਨ ਜਾਇ ਕਰ ਬੈਠੀਏ ਤਹਾਂ ਭਲਾ ਬਚਨ ਕਹੀਏ ਔਰ ਗੁਰ ਸਬਦ ਦੀ ਗਿਆਤ ਸਮਝਾਈਏ ॥

Digitized by Panjab Digital Library | www.panjabdigilib.org

ਹੇ ਭਗਵੰਤ ਦੇਹੀ ਕੋ ਹੀ ਇਸ ਝੂਠ ਨੇ ਵਿਗਾੜ ਰਖਾ ਹੈ ਫਿਰ ਨਾਉਣੇ ਸੇ ਕਿਆ ਹੋਤਾ ਹੈ ॥ ੧ ॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥

ਯਹ ਵਾਕ ਵਾ ਉਲਾਂਭਾ ਭੀ ਮੈਨੇ ਤਬ ਕਹਾ ਹੈ ਜਬ ਤੁਝਨੇ ਮੇਰੇ ਸੇ ਕਹਾਇਆ ਹੈ ॥ ਔਰ ਹੇ ਅੰਮ੍ਰਿਤ ਰੂਪੁ ਆਪ ਕਾ ਨਾਮ ਮੇਰੇ ਮਨ ਮੇਂ ਭਾਯਾ ਹੈ ॥

ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥
ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥

ਅਬ ਮੇਰੇ ਮਨ ਮੇਂ ਤੇਰਾ ਨਾਮੁ ਮੀਠਾ ਲਾਗਾ ਹੈ ਅਰੁ ਦੁਖੋਂ ਕਾ ਡੇਰਾ ਜੋ ਅਗਜਾਨ ਹੈ ਤਿਸ ਕੋ ਢਾਹਿ ਦੀਆ ਭਾਵ ਨਾਸ ਕੀਆ ਹੈ (ਜਾਮਿ) ਜਬ ਤੈਨੇ ਹੁਕਮੁ ਦੀਆ ਹੈ ਤਬ ਮੇਰੇ ਮਨ ਮੇਂ ਸੁਖੁ ਆਇ ਕਰਕੇ ਬਸਾ ਹੈ ॥

ਨਦਰਿ ਤੁਧੁ ਅਰਦਾਸਿ ਮੇਰੀ ਜਿਨਿ ਆਪੁ ਉਪਾਇਆ ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ੨ ॥

ਜਿਸ ਤੁਝ ਨੇ ਆਪ ਸਭ ਸੰਸਾਰ ਉਤਪੰਨ ਕੀਆ ਹੈ ਮੇਰੀ ਅਰਦਾਸ ਸੁਨ ਕਰਕੇ ਮੁਝ ਪਰ ਤਿਸ ਤੈਨੇ ਕ੍ਰਿਪਾ ਕੀ ਦ੍ਰਿਸਟਿ ਕਰੀ ਹੈ ਜਾਂ ਤੂੰ ਮੇਰੇ ਸੇ ਕਹਾਯਾ ਹੈ ਤਾਂ ਮੈਂ ਵਾਕੁ ਕਹਿਆ ਹੈ ॥ ੨ ॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥

ਜੀਵੋਂ ਨੇ ਪੂਰਬ ਜਨਮ ਮੇਂ ਜੈਸਾ ਕਰਮ ਕਮਾਉਨਾ ਕੀਆ ਹੈ ਤਿਸੀ ਪ੍ਰਕਾਰ ਸ੍ਵਾਮੀ ਜੋਨੀਓਂ ਕੀ ਵਾਰੀ ਕਢਾਉਤਾ ਹੈ ਭਾਵ ਯਹਿ ਕਰਮੋਂ ਅਨੁਸਾਰ ਜਨਮ ਦੇਤਾ ਹੈ ॥ ਵਾ ਵਾਰੀ ਮਨੁਖ ਜਨਮ ਮੈਂ ਇਹੁ ਕਰਮ ਕਮਾਵਣਾ ਕਰੇ ਖਸਮ ਦਾ ਨਾਮ ਮੁਖ ਸੇ (ਕਢਾਵਣਾ) ਉਚਾਰਨਾ ਕਰੇ ਤਾਂਤੇ ਕਿਸੀ ਕੋ ਭਲਾ ਬੁਰਾ ਕਹਿਕੇ ਝਗੜਾ ਨਹੀਂ ਪਾਉਨਾ ਚਾਹੀਐ ॥

ਨਹਿ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੁਆਵਣਾ ॥

ਔਰ ਸ੍ਵਾਮੀ ਸੇ ਝਗੜਾ ਨ ਪਾਈਏ ਅਰਥਾਤ ਤਿਸਕੇ ਕੀਏ ਮੇਂ ਤਰਕ ਨ ਕਰੀਏ ਔਰ ਆਪ ਹੀ ਆਪ ਹੰਕਾਰ ਕੋ (ਵਞਾਵਣਾ) ਗਵਾਉਣਾ ਕਰੀਏ ॥ ਜਿਸਕੇ ਸਾਥ ਸੰਗਤਿ ਕਰਨੀ ਹੋ ਉਸਕੇ ਸਾਥ ਸਰੀਕੀ ਨਹੀਂ ਕਰੀਏ ਜੋ ਸਰੀਕਤਿ ਕਰੇਗਾ ਆਗੇ ਜਾਇ ਕਰਕੇ (ਰੁਆਵਣਾ)ਰੋਨਾਂਹੋਇਗਾ ਵਾ ਉਸਪਰਮੇਸ੍ਵਰ ਕਾ ਕੀਜਾਣਾਹੈ ਉਸਨੇ ਜੀਵਕੋਰੁਆਵਣਾਹੀਹੈ॥

ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ੩ ॥

ਸ੍ਵਾਮੀ ਜੋ ਸੁਖ ਦੁਖ ਦੇਇ ਸੋਈ ਸਹਣਾ ਯੋਗਜ ਹੈ ਅਰ ਜੋ ਯਹ ਕਹਨਾ ਹੈ ਕਿ ਮੈਨੂੰ ਦੁਖ ਕਯੋਂ ਹੂਆ ਸੋ ਮਨਹਿ ਹੈ ਅਰਥਾਤ ਉਚਿਤ ਨਹੀਂ ਹੈ ਇਸ ਸੇ ਐਸਾ ਕਿਜੋਂ ਕੀਆ ਐਸਾ ਮਤ ਕਰ ਐਸਾ ਵਾਕ (ਆਖਿ) ਕਹ ਕਰ (ਵਾਵਣਾ) ਬਜਰਥ ਨਹੀਂ ਕਰਨਾ ਜੈਸਾ ਜੀਵ ਨੇ ਪੂਰਬ ਜਨਮ ਮੇਂ ਕਰਮੋਂ ਕਾ ਕਮਾਵਣਾ ਕੀਆ ਹੈ ਖਸਮ ਪਰਮੇਸ੍ਵਰ ਵੈਸੀ ਹੀ ਜੂਨੀਓਂ ਕੀ ਵਾਰੀ ਕਢਾਵਤਾ ਹੈ ॥ ੩ ॥

ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥

ਸਭ ਸ੍ਰਿਸਟੀ ਆਪ ਹੀ ਉਤਪੰਨ ਕਰੀ ਹੈ ਔਰ ਆਪ ਹੀ ਸਭ ਪਰ ਦ੍ਰਿਸਟ ਕਰਤਾ ਹੈ (ਕਉੜਾ) ਭਾਵ ਦੁਖ ਕੋਈ ਨਹੀਂ ਮਾਂਗਤਾ ਸਭ ਕੋਈ (ਮੀਠਾ) ਸੁਖ ਹੀ ਮਾਂਗਤਾ ਹੈ ॥

ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥
ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮ ਸਰੇ ॥

ਸਭ ਕੋਈ ਮੀਠਾ ਭਾਵ ਸੁਖ ਮੰਗ ਕਰ ਦੇਖ ਲੇਵੇ ਜੋ ਸ੍ਵਾਮੀ ਕੋ ਭਾਵਤਾ ਹੈ ਸੋ ਕਰਤਾ ਹੈ ਜੋ ਕੁਛ ਪੁਨਜ ਦਾਨਾਦਿ ਅਨੇਕ ਸੁਭ ਕਰਨੀ ਹੈ ਸੋ ਨਾਮ ਕੇ ਸਾਥ ਤੋਲਨੇ ਭਾਵ ਵਿਚਾਰ ਕਰਨੇ ਸੇ ਕੋਈ ਬਰਾਬਰੀ ਨਹੀਂ ਕਰ ਸਕਤੀ ਹੈ ॥

ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ੪ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ (ਕਦੇ) ਜਬ ਕਬੀ ਜਿਨਕੋ ਨਾਮ ਮਿਲਾ ਹੈ ਤਿਨਕੋ (ਧੁਰਿ) ਆਦਿ ਸੇ ਹੀ (ਕਰਮੁ) ਕ੍ਰਿਪਾ ਭਈ ਹੈ ਤੋ ਮਿਲਾ ਹੈ ਐਸਾ ਸਮਝੋ ਸਭ ਜੀਵ ਪਰਮੇਸਰ ਨੇ ਆਪ ਹੀ ਉਤਪਤ ਕੀਏ ਹੈਂ ਅਰ ਆਪ ਹੀ ਦ੍ਰਿਸ਼ਟੀ ਕਰਤਾ ਹੈ। ਅਰਥਾਤ ਪਾਲਤਾ ਹੈ ॥ ੪ ॥ ੧ ॥

ਵਡਹੰਸੁ ਮਹਲਾ ੧ ॥ ਕਰਹੁ ਦਇਆ ਤੇਰਾ ਨਾਮੁ ਵਖਾਣਾ ॥
ਸਭ ਉਪਾਈਐ ਆਪਿ ਆਪੇ ਸਰਬ ਸਮਾਣਾ ॥

Digitized by Panjab Digital Library | www.panjabdigilib.org

ਹੇ ਅਕਾਲ ਪੁਰਖ ਤੁਮ ਦਇਆ ਕਰੋ ਮੈਂ ਤੇਰਾ ਨਾਮ ਉਚਾਰਨ ਕਰੂੰ ॥ ਤੈਨੇ ਆਪ ਹੀ ਸਾਰੀ ਸ੍ਰਿਸ਼ਟੀ ਉਤਪੰਨ ਕਰੀ ਹੈ ਔਰ ਆਪ ਹੀ ਸਭ ਮੇ ਸਮਾਇ ਰਹਾ ਹੈਂ ॥

ਸਰਬੇ ਸਮਾਣਾ ਆਪਿ ਤੂ ਹੈ ਉਪਾਇ ਧੰਧੈ ਲਾਈਆ ॥
ਇਕਿ ਤੁਝਹੀ ਕੀਏ ਰਾਜੇ ਇਕਨਾ ਭਿਖ ਭਵਾਈਆ ॥

ਸਰਬ ਮੈਂ ਤੂੰ ਆਪ ਹੀ ਸਮਾਇਆ ਹੈਂ । ਔਰ ਉਪਾਇ ਕਰਕੇ ਤੈਨੇ ਸਭ ਸ੍ਰਿਸ਼ਟੀ ਕੋ ਧੰਧੇ ਮੇਂ ਲਗਾਇ ਦੀਆ ਹੈ । ਤੈਨੇ ਆਪ ਹੀ ਇਕ ਤੋ ਰਾਜੇ ਕਰ ਦੀਏ ਹੈਂ ਔਰ ਇਕਨੇਂ ਕੋ ਭਿਖਿਆ ਮਾਂਗਨੇ ਹੇਤ ਫਿਰਾਈਦਾ ਹੈ ॥

ਲੋਭੁ ਮੋਹੁ ਤੁਝ ਕੀਆ ਮੀਠਾ ਏਤੁ ਭਰਮਿ ਭੁਲਾਣਾ ॥
ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥ ੧ ॥

ਜੀਵੋਂ ਕੋ ਤੈਨੇ ਲੋਭ ਔ ਮੋਹ ਮੀਠਾ ਕਰ ਦੀਆ ਹੈ (ਏਤੁ) ਇਸ ਭਰਮ ਕਰ ਭੂਲਾ ਹੂਆ ਹੈ ਹੇ ਸੁਆਮੀ ਜਬ ਤੁਮ ਅਪਨੀ ਦਇਆ ਕਰੋ (ਤਾਮਿ) ਤਬ ਮੈਂ ਨਿਤ ਹੀ ਤੁਮਾਰਾ ਨਾਮ ਉਚਾਰਨ ਕਰੂੰ ਭਾਵ ਇਹ ਕਿ ਬਿਨਾਂ ਤੁਮਾਰੀ ਦਇਆ ਸੇ ਮੈਂ ਅਸਮਰਥ ਹੂੰ ॥ ੧ ॥

ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥ ਦੂਖੁ ਗਇਆ ਸੁਖੁ ਆਇ ਸਮਾਣਾ ॥

ਹੇ ਭਗਵੰਤ ਤੇਰਾ ਨਾਮ ਸਚਾ ਹੈ ਇਸੀ ਤੇ ਸੋ ਨਾਮ ਮੇਰੇ ਮਨ ਕੋ ਸਦਾ ਅਛਾ ਲਗਾ ਹੈ । ਜਿਨੋਂ ਨੇ ਤੇਰਾ ਨਾਮ ਜਪਾ ਹੈ ਤਿਨਕਾ ਦੁਖ ਦੂਰ ਹੋਗਿਆ ਹੈ ਅਰ ਮਨ ਮੈਂ ਸੁਖ ਆਇ ਕਰ ਸਮਾਇ ਗਇਆ ਹੈ ॥

ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥
ਸੁਰਿਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ ॥

ਸੁਰ ਨਰ ਚਤਰ ਸੁਜਾਣ ਸਭੀ ਆਪਕੇ ਜਸ ਕੋ ਗਾਉਤੇ ਹੈਂ । ਪਰੰਤੂ ਜੋ ਤੇਰੇ ਮਨ ਮੇਂ ਭਾਵਤੇ ਹੈਂ ਵਹੁ ਦੇਵਤਾ ਮਨਮੁਖ ਅਤੀ ਚਤਰ ਤੇਰੇ ਕੋ ਗਾਉਤੇ ਹੈਂ ॥

ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ ॥

ਔਰ ਜੋ ਮਾਇਆ ਕੋ ਮੋਹਿਤ ਕੀਏ ਹੂਏ ਸਿਮਰਨ ਨਹੀਂ ਕਰਤੇ ਹੈਂ ਸੋ ਪੁਰਸ ਜਨਮ ਕੋ (ਅਹਿਲਾ) ਬਿਅਰਥ ਗਵਾਇ ਲੇਤੇ ਹੈਂ ॥

ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ ॥
ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ ॥ ੨ ॥

ਏਕ ਜੋ ਮਹਾਂ ਮੂਰਖ ਹੈ (ਮੂਲੇ)ਕਦਾਚਿਤ ਭੀ ਇਹ ਨਹੀਂ ਜਾਨਤੇ ਕਿ ਜੋ ਸੰਸਾਰ ਮੈਂ ਆਇਆ ਤਿਸਨੇ ਅੰਤ ਕੋ ਚਲੇ ਜਾਨਾ ਹੈ ਤੇਰਾ ਨਾਮ ਸਦਾ ਸਚਾ ਹੈ ਸੋ ਮੇਰੇ ਮਨ ਮੇਂ ਭਾਇਆ ਹੈ ॥ ੨ ॥

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥

ਹੇ ਪਰਮੇਸਰ ਤੇਰਾ ਦੀਆ ਇਹ ਮਨਮੁਖ ਜਨਮ ਵਖਤ ਸੋਭਨੀਕ ਹੈ । ਤੇਰੀ ਬੇਦ ਰੂਪ ਬਾਣੀ ਅੰਮ੍ਰਿਤ ਰੂਪ ਹੈ । ਪਰੰਤੂ ਸੋ ਪ੍ਰਾਨੀ ਪ੍ਰੇਮ ਸਹਤ ਸੇਵਕ ਬਨ ਕੇ ਤੇਰਾ ਸੇਵਨ ਕਰਤੇ ਹੈਂ ਜਿਨਕਉ ਤੇਰੇ ਮਿਲਨੇ ਕਾ (ਸਾਉ) ਸੁਆਦ ਲਗਾ ਹੈ ॥

ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥
ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥

ਔਰ ਸੁਆਦ ਤਿਨ ਪ੍ਰਾਨੀਓਂ ਕੋ ਲਗਾ ਹੈ ਜਿਨੋਂ ਨੇ ਤੇਰਾ ਨਾਮ ਵਾ ਬਾਣੀ ਰੂਪ ਅੰਮ੍ਰਿਤ ਪਾਇਆ ਹੈ । ਜੋ ਤੇਰੇ ਨਾਮ ਮੇਂ ਰਾਤੇ ਹੈਂ ਤਿਨੋਂ ਕਾ ਪਰਤਾਪ ਨਿਤ ਸਵਾਇਆ ਚੜਤਾ ਹੈ ॥

ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥ ੩ ॥

(ਜਾਮਿ) ਜਬ ਤਕ ਤੁਝ ਏਕ ਕੇ ਪਛਾਨਣੇ ਹਾਰੇ ਨਹੀਂ ਹੋਤੇ ਤਬ ਤਕ ਕਰਮ ਧਰਮ ਸੰਜਮ ਏਕ ਭੀ ਸਫਲਾ ਨਹੀਂ ਹੋੜਾ ਤੇਰਾ ਦੀਆ ਹੂਆ ਮਨੁਖ ਜਨਮ ਰੂਪ ਸਦਾ ਹੀ ਸੋਭਨੀਕ ਹੈ ਅਰ ਤੇਰੀ ਬੇਦ ਰੂਪ ਬਾਨੀ ਭੀ ਅੰਮ੍ਰਿਤ ਰੂਪ ਹੈ॥੩॥

ਹਉ ਬਲਿਹਾਰੀ ਸਾਚੇ ਨਾਵੈ ॥ ਰਾਜੁ ਤੇਰਾ ਕਬਹੁ ਨ ਜਾਵੈ ॥
ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥

ਮੈਂ ਤੇਰੇ ਸਚੇ ਨਾਮ ਉਪਰ ਸੇ ਬਲਿਹਾਰ ਜਾਤਾ ਹੂੰ । ਤੇਰਾ ਰਾਜ ਅਰਥਾਤ ਹੁਕਮ ਐਸਾ ਨਿਸਚਲ ਹੈ ਜੋ ਕਬੀ ਨਹੀਂ

Digitized by Panjab Digital Library | www.panjabdigilib.org

ਜਾਤਾ ਹੈ ਰਾਜ ਤੋ ਤੇਰਾ ਸਦੀਵ ਨਿਸਚਲ ਹੈ ਏਹ ਕਥੀ ਭੀ ਨਹੀਂ ਜਾਤਾ ਹੈ ॥

ਚਾਕਰ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥ ਦੁਸਮਨੁ ਤ ਦੂਖੁ
ਨ ਲਗੇ ਮੂਲੇ ਪਾਪੁ ਨੇੜਿ ਨ ਆਵਏ ॥ ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥ ੪॥

ਔਰ ਤੇਰਾ (ਚਾਕਰ) ਦਾਸ ਤੋ ਸੋਈ ਹੋਤਾ ਹੈ ਜੋ (ਸਹਜਿ) ਸਾਂਤੀ ਮੈਂ ਸਮਾਵਤਾ ਹੈ ਦੁਸਮਨ ਔਰ ਦੂਖ ਤਿਸਕੋ ਕਥੀ ਨਹੀਂ ਲਗਤਾ ਔਰ ਪਾਪ ਨਿਕਟ ਹੀ ਨਹੀਂ ਆਉਤਾ ਹੈ ਸੋ ਏਕ ਤੇਰੇ ਨਾਮ ਉਪਰ ਸੇ ਸਦਾ ਕੁਰਬਾਣ ਹੋਤਾ ਹੂੰ ॥ ੪ ॥

ਜੁਗਹ ਜੁਗੰਤਰਿ ਭਗਤ ਤੁਮਾਰੇ ॥ ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
ਜਪਹਿ ਤ ਸਾਚਾ ਏਕੁ ਮੁਰਾਰੇ ॥

(ਜੁਗਹਿ ਜੁਗੰਤਰਿ) ਜੁਗੋਂ ੨ ਮੇਂ ਤੁਮਾਰੇ ਜੋ ਭਗਤ ਹੈਂ ਸੋ ਹੇ ਸੁਆਮੀ ਤੇਰੇ ਦ੍ਵਾਰੇ ਪਰ ਪੜੇ ਤੇਰੀ ਕੀਰਤੀ ਕਰਤੇ ਹੈਂ । ਹੇ ਸਚ੍ਚਾ ਮੁਰਾਰੀ ਜੋ ਜਪਤੇ ਹੈਂ ਤੋ ਏਕ ਤੁਝਹੀ ਕੋ ਜਪਤੇ ਹੈਂ ॥

ਸਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ ॥
ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ ॥

ਹੇ ਸਚਾ ਮੁਰਾਰੀ ਜਬ ਤੂੰ ਉਨਕੇ ਮਨ ਮੇਂ ਨਾਮ ਬਸਾਇ ਦੇਤਾ ਹੈਂ (ਤਾਮਿ) ਤਬ ਜਪਤੇ ਹੈਂ ਅਰ ਨਾਮ ਮਨ ਮੈਂ ਤਬ ਬਸਤਾ ਹੈ ਜਬ ਏਹ ਭਰਮ ਭੁਲਾਵਾ ਜੋ ਤੁਮਨੇ ਕੀਆ ਹੈ ਇਸਕੋ ਦੂਰ ਕਰ ਦੇਵੈ ॥

ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥
ਜੁਗਹ ਜੁਗੰਤਰਿ ਭਗਤ ਤੁਮਾਰੇ ॥ ੫ ॥

ਗੁਰੋਂ ਕੀ ਪ੍ਰਸੰਨਤਾ ਸਹਤ ਮੇਰੇ ਪੁਰ ਕਿਰਪਾ ਦ੍ਰਿਸ਼ਟੀ ਕਰੋ ਅਰ ਮੁਝ ਕੋ ਜਮ ਸੇ ਬਚਾਇ ਲੇਵਹੁ ਔਰ ਜੁਗੋਂ ਜੁਗੋਂ ਕੇ ਬੀਚ ਤੁਮਾਰੇ ਭਗਤ ਤੇਰੇ ਦੁਆਰੈ ਪਰ ਕੀਰਤਨ ਗਾਵਤੇ ਹੈਂ ॥ ੫ ॥

ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥ ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ ॥
ਨਦਰਿ ਕਰਹਿ ਤਾ ਸਾਚੁ ਪਛਾਣਾ ॥

ਹੇ ਮੇਰੇ ਬਡੇ ਸਾਹਿਬ ਤੂੰ ਅਲਖ ਅਪਾਰ ਹੈਂ ਮੈਂ ਕਿਸ ਪ੍ਰਕਾਰ ਬੇਨਤੀ ਕਰੂੰ ਮੈਂ ਕਹਨੇ ਨਹੀਂ ਜਾਨਤਾ । ਜੋ ਤੂੰ ਕਿਰਪਾ ਕਰੈ ਤੋ ਮੈਂ ਤੇਰੇ ਸਚ ਰੂਪ ਕੋ ਪਛਾਨੂੰ ॥

ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ ॥
ਦੂਖ ਭੂਖ ਸੰਸਾਰ ਕੀਏ ਸਹਸਾ ਏਹੁ ਚੁਕਾਵਹੇ ॥

ਤੇਰਾ ਸਚ ਸਰੂਪ ਤੋ ਮੈਂ ਪਛਾਨੂੰ ਜਬ ਤੂੰ ਆਪ ਮੁਝ ਕੋ ਬੁਝਾਇ ਦੇਵੇਂ । ਔਰ ਜਨਮਾਦਿ ਦੁਖ ਅਰ ਤ੍ਰਿਸਨਾ ਰੂਪ ਭੁਖ ਯਹ ਬਿਕਾਰ ਜੋ ਸੰਸਾਰ ਮੇਂ ਤੈਨੇ ਕੀਏ ਹੈਂ ਇਨ ਕਾ ਸੰਦੇਹ ਚੁਕਾਇ ਦੀਜੀਏ ਭਾਵ ਇਹ ਦੁਖ ਭੁਖ ਦੂਰ ਕਰ ਦੀਜੀਏ ॥

ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ ॥
ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥ ੬ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਬ ਜੀਵ ਗੁਰੋਂ ਦ੍ਵਾਰੇ ਤੇਰਾ ਸਰੂਪ ਸਮਝੈ ਤਬ ਤੇਰਾ ਸੰਦੇਹ ਜਾਤਾ ਰਹਿਤਾ ਹੈ ਹੇ ਅਲਖ (ਅਪਾਰਾ)ਆਰਪਾਰ ਸੇ ਰਹਿਤ ਸੁਆਮੀ ਤੂੰ ਆਪ ਸਭ ਸੇ ਵਡਾ ਹੈਂ ॥ ੬ ॥

ਅਬ ਉਪਾਸਨਾ ਕੇ ਲੀਏ ਸਰਗੁਣ ਰੂਪ ਕਹਤੇ ਹੈਂ ॥

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ
ਲੰਮੜੇ ਵਾਲਾ ॥ ਕੰਚਨ ਕਾਇਆ ਸੁਇਨੇ ਕੀ ਢਾਲਾ ॥

ਹੇ ਪਰਮੇਸ੍ਵਰ ਤੇਰੇ ਨੇਤ੍ਰ(ਬੰਕੇ)ਸੁੰਦਰ ਹੈਂ ਔਰ ਦੰਤ ਭੀ ਸੁੰਦਰ ਹੈਂ ਅਰ ਤੂੰ ਸੁੰਦਰ ਨਾਸਿਕਾ ਵਾਲਾ ਹੈਂ ਜਿਸ ਤੈਨੇ ਲੰਮੇ ਕੇਸੋਂ ਕੋ ਧਾਰਨ ਕੀਆ ਹੈ ਸੁਧ ਸ੍ਵਰਨ ਵਤ ਤੇਰੀ ਦੇਹ ਦਮਕਦੀ ਹੈ ਮਾਨੋ ਢਾਲ ਕਰ ਸੁਇਨੇ ਕੀ ਬਨਾਈ ਹੂਈ ਹੈ॥ ਭਾਵ ਅਤੀਸੁੰਦ੍ ਹੈ॥

ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥
ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥

ਸੁਵਰਨ ਵਤ ਜਿਸ ਤੇਰੀ ਦੇਹ ਕੀ ਢਾਲਾ ਤਰਹ ਹੈ ਕ੍ਰਿਸ਼ਨ ਕਮਲੋਂ ਕੀ ਮਾਲਾ ਧਾਰਨ ਕਰੀ ਹੈ ਵਾ ਕ੍ਰਿਨਸ ਰੂਪ ਬੈਜਨੰਤੀ ਮਾਲਾ ਧਾਰਨ ਕਰੀ ਹੈ । ਐਸੇ ਸਰਗੁਣ ਸ੍ਵਰੂਪ ਧਾਰਣੇ ਹਾਰੇ ਕੇ ਨਾਮ ਕੋ ਜਪੋ ਹੇ ਸੁਹੇਲੀਓ ਭਾਵ ਸੰਤ ਰੂਪ ਸਖੀਓ ਤੁਮ ਮੇਰੀ ਸਿਖਿਆ ਕੋ ਸਰਵਣ ਕਰੋ ਫੇਰ ਜਮ ਕੇ ਦ੍ਵਾਰੇ ਪਰ ਖੜੀਆਂ ਨਹੀਂ ਹੋਵੋਗੀਆਂ ॥

ਹੰਸ ਹੰਧਾ ਬਗ ਬਗਾ ਲਹੈ ਮਨ ਕੀ ਜਾਲਾ ॥ ਬੰਕੇ ਲੋਇਣ ਦਤ ਰੀਸਾਲਾ ॥ ੭ ॥

Digitized by Panjab Digital Library | www.panjabdigilib.org

ਜੋ ਬਗਲੋਂ ਸੇ ਭੀ ਬਗਲੇ ਥੇ ਭਾਵ ਇਹ ਕਿ ਪਾਖੰਡੀਓਂ ਸੇ ਭੀ ਬੜੇ ਪਾਖੰਡੀ ਥੇ ਸੋ ਹੰਸੋਂ ਹੰਸ ਅਰਥਾਤ ਸ੍ਰੇਸ਼ਟੋਂ ਸੇ ਸ੍ਰੇਸ਼ਟ ਸੰਤ ਰੂਪ ਹੂਏ ਹੈਂ ਕਿਉਂਕਿ ਤਿਨ ਕੇ ਮਨ ਕੀ ਜਾਲਾ ਰੂਪ ਅਵਿਦਿਆ ਵਾ ਜਲਾਵਣੇ ਵਾਲੀ ਤ੍ਰਿਸਨ ਲਹਿ ਗਈ ਹੈਂ ਹੇ ਭਗਵਨ ਤੇਰੇ ਨੇਤ੍ਰ ਸੁੰਦਰ ਹੈਂ ਦੰਤ ਰਸੋਂ ਕਾ ਘਰ ਹੈਨ ॥ ੭ ॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ਕੁਹਕਨਿ ਕੋਕਿਲਾ ਤਰਲ ਜੁਆਣੀ ॥

ਹੇ ਸੁਆਮੀ ਤੇਰੀ ਚਾਲ ਬਡੀ ਸੋਭਨੀਕ ਹੈ ਅਰ ਬਾਣੀ ਵਡੀ ਮਧੁਰੀ ਹੈ ਜੈਸੇ ਕੋਇਲੇਂ ਬੋਲਤੀ ਹੈਂ ਅਰ (ਤਰਲ) ਚੰਚਲ ਭਾਵ ਚੜਦੀ ਜਵਾਨੀ ॥ ੪ ॥

ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ ॥
ਸਾਰੰਗ ਜਿਉ ਪਗੁ ਧਰੈ ਠਿਮਿਠਿਮਿ ਆਪਿ ਆਪੁ ਸੰਧੂਰਏ ॥

ਚੰਚਲ ਜੁਥਾ ਅਵਸਥਾ ਆਪ ਕੋ ਭਾਈ ਹੈਂ ਸੋ ਆਪ ਮਨ ਕੀ ਇਛਾ ਪੂਰਨ ਕਰੀਏ । ਔਰ (ਸਾਰੰਗ) ਹਸਤੀ ਸੰਧੂਰੇ ਹੂਏ ਕੀ ਭਾਂਤ ਆਪਨੇ ਮੈਂ ਮਸਤ ਹੋਕਰ (ਠਿਮਿ ਠਿਮਿ) ਧੀਰੇ ਧੀਰੇ ਚਲਤੇ ਹੋ ॥

ਸ੍ਰੀ ਰੰਗ ਰਾਤੀ ਫਿਰੈ ਮਾਤੀ ਉਦਕੁ ਰੰਗਾ ਵਾਣੀ ॥
ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ੮ ॥ ੨ ॥

(ਸ੍ਰੀ) ਲਖਜਮੀ ਤੇਰੇ ਪ੍ਰੇਮ ਮੇਂ (ਰਾਤੀ) ਮਸਤ ਹੂਈ ਤੇਰੇ ਸੰਗ ੨ ਫਿਰਤੀ ਹੈ ਬਾਨੀ ਆਪ ਕੀ ਗੰਗਾ ਜਲ ਕੀ ਭਾਂਤਿ ਪਵਿਤ੍ਰ ਹੈ । ਸ੍ਰੀ ਗੁਰੂ ਜੀ ਕਹਤੇ ਹੈਂ ਹੇ ਹਰੀ ਮੈਂ ਆਪ ਕਾ ਦਾਸ ਹੂੰ ਧੰਨ ਤੇਰੀ ਸੋਭਾਇਮਾਨ ਚਾਲ ਹੈ ਔਰ ਮਧੁਰ ਬਾਨੀ ਹੈ ॥ ੮ ॥ ੨ ॥

ਵਡਹੰਸੁ ਮਹਲਾ ੩ ਛੰਤ ॥ **੧ ੐ ਸਤਿਗੁਰਪ੍ਰਸਾਦਿ ॥**

ਪਰਮੇਸਰ ਕੋ ਪਤੀ ਰੂਪ ਕਹਿਕਰ ਉਪਦੇਸ਼ ਕਰਤੇ ਹੈਂ ॥

ਆਪਣੇ ਪਿਰਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥
ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥

ਹੇ(ਮੁਈਏ)ਪਿਆਰੀਏ ਜੋ ਇਸਤ੍ਰੀ ਆਪਨੇਪਤੀ ਕੇ (ਰੰਗ)ਪ੍ਰੇਮ ਮੈਂ ਰਾਤੀ ਹੈ ਸੋਈ ਸੋਭਾਇਮਾਨ ਹੈ। ਹੇ ਪਿਆਰੀ ਜੋ ਸਚੇ ਗੁਰ ਉਪਦੇਸ਼ ਮੇਂ ਮਿਲ ਰਹੀ ਹੈ ਸੋ (ਭਾਇ) ਪ੍ਰੇਮ ਕਰਕੇ ਪਿਆਰੇ ਪਤੀ ਕੇ ਅਨੰਦ ਕੋ (ਰਾਵੈ) ਭੋਗਤੀ ਹੈ ॥

ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥
ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥

ਜੋ ਸਚੇ ਕੇ (ਭਾਇ) ਪ੍ਰੇਮ ਕੀ ਪਿਆਰੀ ਹੈ ਸੋਈ ਹਰਿ ਕੰਤ ਨੇ ਸਵਾਰੀ ਹੈ ਅਰ ਤਿਸੀ ਕੇ ਸਾਥ ਹਰੀ ਨੇ ਪ੍ਰੇਮ ਰਚਾਇਆ ਭਾਵ ਕੀਆ ਹੈ । ਤਿਸਨੇ ਜਬ ਆਪਾ ਭਾਉ ਗਵਾਇਆ ਹੈ ਤਬ ਪਿਆਰੇ ਕੋ ਪਾਇ ਲੀਆ ਹੈ ਅਰ ਗੁਰ ਉਪਦੇਸ਼ ਮੇਂ ਤਿਸਕਾ ਮਨ ਸਮਾਇਆ ਹੈ ॥

ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ ॥
ਨਾਨਕ ਸਾਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ ॥ ੧ ॥

ਸੋ (ਧਨ) ਇਸਤ੍ਰੀ ਗੁਰ ਉਪਦੇਸ਼ ਕਰਿ ਸੋਭਾ ਕੋ ਪ੍ਰਾਪਤ ਭਈ ਹੈ ਜਿਨ ਕੇ ਮਨ ਮੇਂ ਪ੍ਰੇਮ ਕੀ (ਕਸਾਈ) ਖੀਂਚ ਆਈ ਹੈ ਔਰ ਅੰਤਸ਼ ਕਰਣ ਮੇਂ ਪ੍ਰਭ ਕੀ ਪ੍ਰੀਤਿ ਪਿਆਰੀ ਲਗੀ ਹੈ ਅਰ ਸਚੇ ਸ਼ਾਹੂਕਾਰ ਗੁਰੋਂ ਨੇ ਸਵਾਰੀ ਹੈ । ਸ੍ਰੀ ਗੁਰੂ ਜੀ ਕਹਤੇ ਹੈਂ ਇਸੀ ਤੇ (ਸਾਧਨ)ਵਹੁ ਇਸਤ੍ਰੀ(ਪਿਰ) ਪਤੀ ਪਰਮੇਸਰ ਨੈ ਅਪਨੇ ਸਾਥ ਆਪ ਮਿਲਾਇ ਲਈ ਹੈ ॥ ੧ ॥

ਨਿਰਗੁਣ ਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥
ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ ॥

ਹੇ (ਨਿਰਗੁਣ ਵੰਤੜੀਏ) ਗੁਣੋਂ ਸੇ ਰਹਿਤ ਬੁਧੀ ਵਾਲੀ ਜੀਵ ਰੂਪ ਇਸਤ੍ਰੀਏ ਤੂੰ (ਰਾਮ) ਬਿਆਪਕ ਪਤੀ ਕੋ ਸਮੀਪ ਹੀ ਦੇਖ । ਹੇ ਪਿਆਰੀ ਜਿਨੋਂ ਨੇ ਗੁਰੋਂ ਦੁਆਰੇ ਰਾਮ ਪਤੀ ਕੋ (ਰਾਵਿਆ) ਜਪਿਆ ਹੈ ਤਿਨਕੋ ਪਤੀ (ਭਰਪੂਰੇ) ਏਕ ਰਸ ਬਿਆਪਕ ਹੋ ਰਹਾ ਦ੍ਰਿਸ਼ਟ ਆਇਆ ਹੈ ॥

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥
ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮਿ ਬਿਧਾਤਾ ॥

ਜੋ ਪਤੀ(ਭਰਪੂਰੇ) ਏਕ ਰਸ ਬਿਆਪਕ ਹੋ ਰਹਾ ਹੈ ਤਿਸਕੋ ਸਮੀਪ ਦੇਖਾ ਹੈ ਅਰ ਤਿਸਨੇ ਜੁਗੋਂ ੨ ਮੈਂ ਏਕ ਪਰਮੇਸਰ ਕੋ ਹੀ ਜਾਨਾ ਹੈ । ਬਾਲੀ ਭਾਵ ਨਿੰਮ੍ਰਤਾ ਵਾਲੀ ਅਤ (ਭੋਲੀ) ਨਿਸਕਪਟ (ਧਨ) ਇਸਤ੍ਰੀ ਕੋ ਪਰਮੇਸਰ ਪਤੀ

Digitized by Panjab Digital Library | www.panjabdigilib.org

ਸੁਭਾਵਕ ਹੀ ਭੋਗਤਾ ਹੈ ਕਿਉਂਕਿ ਸੋ ਕਰਮੋਂ ਕੇ ਫਲੇ ਦੇਣੇ ਵਾਲਾ ਤਿਸਕੋ ਮਿਲਾ ਹੈ ॥

ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ॥
ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥ ੨ ॥

ਜਿਸਨੇ ਹਰਿ ਰਸ ਕੋ ਚਾਖਾ ਹੈ ਤਿਸਨੇ ਸ੍ਰੇਸ਼ਟ ਬ੍ਰਹਮ ਹੀ ਕੇ ਜਸ ਕੋ ਉਚਾਰਨ ਕੀਆ ਹੈ ਅਰ (ਹਰਿ ਸਰਿ) ਸਤਸੰਗਤ ਰੂਪ ਨਦੀ ਮੇਂ ਸਨਾਨ ਕਰ ਪਵਿਤ੍ਰਤਾ ਸੇ ਭਰਪੂਰ ਹੋਰਹੀ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਜੋ ਗੁਰ ਉਪਦੇਸ ਕਰ ਪਰਮੇਸਰ ਕੋ ਸਦਾ ਨਜੀਕ ਜਾਨਤੀ ਹੈ ਸੋਈ ਕਾਮਨੀ ਪਤੀ ਕੋ ਭਾਉਤੀ ਹੈ ॥੨॥

ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥
ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥

ਹੇ ਪਿਆਰੀ ਜਿਨੋਂ ਨੇ ਅੰਤਸਕਰਣ ਸੇ ਆਪਾ ਭਾਉ ਗਵਾਇ ਦੀਆ ਹੈ ਤਿਨ ਗਿਆਨਵਾਨ ਰੂਪ ਸੁਹਾਗਨੀਓਂ ਸੇ ਜਾਇ ਕਰ ਪੂਛੋ । ਹੇ ਪਿਆਰੀ ਜਿਨੋਂ ਨੇ ਅੰਤਸਕਰਨ ਸੇ ਆਪਾ ਭਾਉ ਦੂਰ ਨਹੀਂ ਕੀਆ ਹੈ ਤਿਨੋਂ ਨੇ ਪਿਆਰੇ ਕਾ ਹੁਕਮ ਨਹੀਂ ਪਾਇਆ ਹੈ ॥

ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥
ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥

ਜਿਨੋਂ ਨੇ ਆਪਾ ਭਾਉ ਗਵਾਇਆ ਹੈ ਤਿਨੋਂ ਨੇ ਪਿਆਰੇ ਕੋ ਪਾਇਆ ਹੈ ਔ ਪ੍ਰੇਮ ਸੇ (ਰਲੀਆ) ਆਨੰਨ ਭੋਗਤੀ ਹੈਂ ਸਦਾ ਪਿਆਰੇ ਕੇ ਪ੍ਰੇਮ ਮੈਂ ਰਾਤੀ ਹੁਈ (ਸਹਜੇ) ਗਿਆਨ ਸੇਵਾ ਸ੍ਵਭਾਵਿਕ ਮਸਤ ਹੁਈ ਹੈ ਔਰ ਰਾਤ ਦਿਨ ਨਾਮ ਕਾ ਕਥਨ ਕਰਤੀ ਹੈ ॥

ਕਾਮਣਿ ਵਡਭਾਗੀ ਅੰਤਰਿ ਲਿਵਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥
ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥ ੩ ॥

ਅਪਨੇ ਸਰੂਪ ਮੇਂ ਜਿਸਕੀ ਬਿਰਤੀ ਲਗੀ ਹੈ ਤਿਸ ਬਡਭਾਗਨੀ ਕਾਮਨੀ ਕੋ ਹਰਿ ਕਾ ਉਤਮ ਪ੍ਰੇਮ ਭਾਇਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸਨੇ ਸਚ ਕਾ ਸੀਂਗਾਰ ਬਨਾਇਆ ਹੈ ਸੋ ਕਾਮਨੀ ਸਰੂਪ ਮੈਂ ਰਾਤੀ ਹੈ ॥ ੩ ॥

ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ ਹਰਿ ਵਰੁ
ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ॥

ਹੇ ਪਿਆਰੀ ਜਬ ਤੂੰ ਹੰਤਾ ਮਮਤਾ ਕੋ ਮਾਰ ਗੁਰੋਂਕੇ ਭਾਣੇ ਮੇਂ ਚਲੇਂਗੀ ਹੇ ਪਿਆਰੀ ਤਬ ਹਰਿ ਵਰ ਸੇ ਸਦੀਵ ਰਮਣ ਕਰੈਗੀ ਔ (ਨਿਜ ਘਰਿ) ਸਰੂਪ ਮੇਂ ਵਾਸਾ ਪਾਵੈਂਗੀ ॥

ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥

ਅਰ ਵਹੁ ਇਸਤ੍ਰੀ ਸ੍ਵੈਸਰੂਪ ਮੇਂ ਬਾਸਾ ਪਾਏ ਹੁਏ (ਸਬਦੁ) ਬ੍ਰਹਮ ਕੋ(ਵਜਾਏ) ਉਚਾਰਨ ਕਰਤੀ ਹੈ ਔਰ ਸਦਾ ਸੁਹਾਗਵੰਤੀ ਹੁਈ ਹੈ ਜੋ (ਰਲੀਆਲਾ) ਖੁਸ਼ੀਆਂ ਵਾਲਾ ਪਤੀ ਹੈ ਔਰ ਜਿਸਕਾ ਜੋਬਨ ਨਵੀਨ ਰਹਤਾ ਹੈ ਤਿਸ ਕੰਤ ਨੇ ਸੋ ਇਸਤ੍ਰੀ ਰਾਤ ਦਿਨ(ਸਵਾਰੀ)ਸਵਾਲੀ ਭਾਰ ਅਪਨੇ ਮੈਂ ਮਿਲਾਈ ਹੈ ॥

ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥ ੪ ॥ ੧ ॥

ਹਰੀ ਪਤੀ ਕਾ (ਸੋਹਾਗੋ) ਅਨੰਦ ਤਿਸਕੋ ਪ੍ਰਾਪਤ ਹੋਤਾ ਹੈ ਜਿਸਕੇ ਮਸਤਕ ਕਾ ਭਾਗ ਉਤਮ ਹੈ ਅਰ ਵਹੁ ਸਚੇ ਗੁਰ ਉਪਦੇਸ ਕਰ ਸੋਭਾਵਾਨ ਹੋਤੀ ਹੈ । ਸ੍ਰੀ ਗੁਰੂ ਜੀ ਕਹਤੇ ਹੈਂ ਵਹੁ ਕਾਮਣ ਹਰੀ ਕੇ ਆਨੰਦ ਮੇਂ ਰਾਤੀ ਰਹਤੀ ਹੈ ਜੋ ਸਤਗੁਰਾਂ ਕੇ (ਭਾਇ) ਅਨੁਸਾਰ ਚਲਤੀ ਹੈ ॥ ੪ ॥ ੧ ॥

ਵਡਹੰਸੁ ਮਹਲਾ ੩ ॥ ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥
ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥

ਹੇ ਭਾਈ ਜੋ (ਸਹਜੇ) ਸੁਭਾਵਕ ਹੀ ਕਰਤੇ ਹੈਂ ਸੋ ਗੁਰਮੁਖੋਂ ਕਾ ਸਭ ਬਪਾਰ ਭਲਾ ਹੈ ਰਾਤ ਦਿਨ ਨਾਮ ਕਾ ਬਖਾਨ ਕਰਤੇ ਹੈਂ ਤਿਸ ਬਾਪਾਰ ਮੇਂ ਲਾਹਾ ਹਰਿ ਰਸ ਪਾਨ ਕਰਤੇ ਹੈਂ ॥

ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥
ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥

Digitized by Panjab Digital Library | www.panjabdigilib.org

ਰਾਤ ਦਿਨ ਨਾਮ ਕਾ ਬਖਾਨ ਕਰਤੇ ਹੈਂ ਹਰ ਰਸ ਪਾਨ ਕਰਕੇ ਹਰਿ ਮੇਂ ਰਮਣ ਕਰ ਲਾਹਾ ਲੇਤੇ ਹੈਂ ਪੁਨਾ ਗੁਣੋਂ ਕਾ ਸੰਗ੍ਰਹ ਕਰਤੇ ਹੈਂ। ਅਵਗੁਣੋਂ ਕੋ (ਵਿਕਣਹਿ) ਵੇਚ ਦੇਤੇ ਭਾਵ ਤਿਆਗ ਦੇਤੇ ਹੈਂ ਅਪਨੇ ਆਪ ਕੋ ਪਹਿਚਾਨਤੇ ਹੈਂ ॥

ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥
ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥ ੧ ॥

ਗੁਰੋਂਸੇ ਬੁਧਿ ਪਾਈ ਹੈ ਤਿਸ ਕਰ ਬਡੀ ਬਡਿਆਈ ਹੋਈ ਹੈ ਔ ਸਚ(ਸਬਦਿ) ਬ੍ਰਹਮ ਕਾ ਰਸ ਪਾਨ ਕਰਤੇ ਹੈਂ ਸੀ ਗੁਰੂ ਜੀ ਕਹਤੇ ਹੈਂ ਐਸੀ ਹਰਿ ਕੀ ਭਗਤੀ ਨਿਰਾਲੀ ਹੀ ਹੈ ਗੁਰਮੁਖ ਹੋਕਰਕੇ ਕੋਈ ਬਿਰਲੇ ਹੀ ਕਰਤੇ ਹੈਂ ॥ ੧ ॥

ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥
ਆਪਣੇ ਘਰ ਅੰਦਰਿ ਰਸੁ ਭੁੰਚੁ ਤੂੰ ਲਾਹਾ ਲੈ ਪਰਥਾਏ ਰਾਮ ॥

(ਰਾਮ) ਹੇ ਭਾਈ ਗੁਰੋਂ ਦੁਆਰੇ ਜੋ ਹਰਿ ਨਾਮ ਕਾ ਉਪਦੇਸ ਹੁਆ ਹੈ ਤਿਸਕੋ (ਅੰਤਰਿ) ਅੰਤਸਕਰਨ ਖੇਤ ਮੇਂ ਬੀਜਣਾ ਕਰੀਏ ਤਬ ਇਸੀ ਸਰੀਰ ਮੇਂ ਹੀ ਹਰਿਨਾਮ ਖੇਤੀ ਕੋ ਜਮਾਇ ਲੀਜੀਏ। ਅਰਥਾਤ ਹਰਿ ਕਾ ਮਨਨ ਕਰੀਏ ਹੇ ਭਾਈ ਇਸ ਪ੍ਰਕਾਰ ਅਪਨੇ ਘਰ ਮੇਂ ਹਰਿ ਰਸ ਕੋ ਤੂੰ ਭੋਗ ਤਬ (ਪਰਥਾਏ) ਪਰਲੋਕ ਮੇਂ ਭੀ ਲਾਹਾ ਲੈ ਲੇਵੇਂਗਾ ॥

ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ ॥
ਹਰਿਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥

ਹਰੀ ਕੋ ਮਨ ਮੈ ਵਸਾਏ ਸੋ(ਪਰਥਾਏ)ਪ੍ਰਲੋਕ ਮੇਂ ਲਾਭ ਮਿਲਤਾ ਹੈ ਜੋ ਐਸੀ ਹਰੀ ਨਾਮ ਜਾਪਰੂਪ ਖੇਤੀ ਅਰੁ ਨਿਸਕਾਮ ਕਰਮ ਰੂਪ ਵਾਪਾਰ ਕਰਤਾ ਹੈ ਸੋ ਧੰਨਤਾ ਯੋਗੁ ਵਾ ਧਨੀ ਹੋਤਾ ਹੈ ਤਾਂਤੇ ਜੀਵ ਹਰੀ ਨਾਮ ਕੋ ਮਨਮੈਂ ਵਸਾਵੇ ਅਰ ਰਿਦੇ ਮੈਂ ਤਿਸਕਾ ਧਿਆਨ ਕਰੇ ਇਸ ਪ੍ਰਕਾਰ ਗੁਰੋਂ ਕੇ ਵੀਚਾਰ ਦੁਆਰਾ ਪਰਮੇਸਰ ਕੋ (ਬੂਝੈ) ਸਮਝੈ ॥

ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥
ਨਾਨਕ ਨਾਮੁ ਬੀਜਿ ਮਨਿ ਅੰਦਰਿ ਸਚੈ ਸਬਦਿ ਸੁਭਾਏ ॥ ੨ ॥

ਮਨਮੁਖ ਖੇਤੀ ਅਰ ਬਨਜ ਕੋ ਕਰਕੇ ਥਕ ਜਾਤੇ ਹੈਂ ਪਰੰਤੂ ਉਨਕੀ ਤ੍ਰਿਸ਼ਨਾ ਰੂਪੁ ਭੂਖ ਨਹੀਂ ਜਾਤੀ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਤਾਂਤੇ ਗੁਰਮੁਖ ਜਨ ਅੰਤਸ਼ਕਰਨ ਮੇਂ ਨਾਮ ਕੋ ਬੀਜ ਕਰ ਸਚੇ ਸਬਦਿ ਸੇ ਸੁਭਾਇਮਾਨ ਹੋਏ ਹੈਂ ॥ ੨ ॥

ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥

ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥

ਹੇ ਭਾਈ ਹਰਿ ਵਾਪਾਰ ਮੇਂ ਸੋਈ ਜਨ ਲਗੇ ਹੈਂ ਜਿਨਕੇ ਮਸਤਕ ਮੇਂ ਬਡੇ ਭਾਗੋਂ ਕੀ (ਮਣੀ) ਰਤੀ ਹੈ ਗੁਰਮਤੀਓਂ ਕੇ ਮਨੁ ਅਪਨੇ ਸ੍ਵਰੂਪ ਮੇਂ ਬਸਾ ਹੈ ਹੇ ਭਾਈ ਵਹੁ ਸਚੇ ਗੁਰ ਸਬਦ ਕਰ ਸੰਸਾਰ ਸੇ(ਬੈਰਾਗੋ) ਅਚਾਹ ਵਾ ਅਸੰਗ ਰਹਿਤੇ ਹੈਂ॥

ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥
ਨਾਮੁ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥

ਸਦੈ ਬੈਰਾਗ ਕਰਕੇ ਜਿਨਕੇ ਮਸਤਕ ਮੇਂ ਮੁਖ ਭਾਗ ਹੁਆ ਹੈ ਸੋਈ ਵੀਚਾਰਵਾਨ ਹੋਕੇ ਸਾਚ ਮੇਂ ਰਾਤੇ ਹੈਂ ਨਾਮ ਸੇ ਬਿਨਾ ਸਾਰਾ ਸੰਸਾਰ ਬਾਉਲਾ ਫਿਰਤਾ ਹੈ ਅਰ ਅਧਕਾਰੀਓਂ ਨੇ ਗੁਰ ਸਬਦ ਕਰਕੇ ਹੰਤਾ ਮਮਤਾ ਮਾਰੀ ਹੈ ॥

ਸਾਚੈ ਸਬਦਿ ਲਾਗਿ ਮਤਿ ਊਪਜੈ ਗੁਰਮੁਖਿ ਨਾਮੁ ਸੋਹਾਗੋ ॥
ਨਾਨਕ ਸਬਦਿ ਮਿਲੈ ਭਉਭੰਜਨੁ ਹਰਿ ਰਾਵੈ ਮਸਤਕਿ ਭਾਗੋ ॥ ੩ ॥

ਸਚੇ ਸਬਦਿ ਮੇਂ ਲਗ ਕਰਕੇ ਉਤਮੁ ਬੁਧ ਉਤਪੰਨ ਹੋਤੀ ਹੈ ਅਰੁ ਗੁਰਮੁਖੋਂ ਕੋ ਨਾਮ ਜਪਨੇ ਸੇ ਹਰਿ ਨਾਮੁ ਸੁਹਾਗੁ ਮਿਲਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਜਿਨਕੇ ਮਸਤਕ ਮੇਂ ਉਤਮ ਭਾਗੁ ਹੈਂ ਵਹੁ ਗੁਰਸਬਦਿ ਮੇਂ ਮਿਲੇ ਹੈਂ ਅਰੁ ਤਿਨਕਾ ਭੈ ਨਸਟੁ ਹੁਆ ਹੈ ਔ ਹਰੀ ਕੋ ਰਾਵੈ ਭਾਵ ਜਪਤੇ ਹੈਂ ਵਾ ਤਿਸਕੇ ਅਨੰਦ ਕੋ ਭੋਗਤੇ ਹੈਂ ॥ ੩ ॥
ਹੁਕਮ ਮੰਨਣੇ ਕੀ ਮਹਿਮਾ ਦਿਖਾਵਤੇ ਹੈਂ ॥

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥
ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥

ਹੇ ਭਾਈ ਗੁਰਮੁਖੋਂ ਨੇ ਖੇਤੀ ਵਣਜ ਸਭ ਹਰੀ ਕਾ ਹੁਕਮੁ ਜਾਨਾ ਹੈ ਜਿਨੋਂ ਨੇ ਹੁਕਮ ਕੋ ਮਾਨਾ ਹੈ ਤਿਨਕੀ ਬਡਿਆਈ ਹੋਈ ਹੈ ਗੁਰਮਤੀਓਂ ਨੇ ਹੁਕਮ ਕੋ ਬੂਝਾ ਹੈ ਹੁਕਮ ਨੇ ਹੀ ਉਨਕਾ ਮੇਲੁ ਮਿਲਾਇ ਦੀਆ ਅਰਥਾਤ ਬ੍ਰਹਮ ਸੇ ਅਭਿੰਨ ਕਰ ਦੀਆ ਹੈ ॥

ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥
ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥

Digitized by Panjab Digital Library | www.panjabdigilib.org

ਅਕਾਲ ਪੁਰਖ ਕੇ ਹੁਕਮ ਮੇਂ ਜਿਸਨੇ ਅਪਨੀ ਪ੍ਰੀਤੀ ਮਿਲਾਈ ਹੈ ਤਿਸਕੀ ਬ੍ਰਿਤੀ ਸਾਂਤੀ ਮੇਂ ਸਮਾਈ ਹੈ ਔਰ ਗੁਰ ਕਾ ਉਪਦੇਸ ਤਿਸਨੇ ਅਪਾਰ ਭਾਵ ਅਧਿਕ ਮਹਿਮਾਂ ਵਾਲਾ ਜਾਨਾ ਹੈ ਐਸੀ ਸਚੀ ਬਡਿਆਈ ਨਿਸਚੇ ਕਰ ਸਵਾਰਨੇ ਹਾਰਾ ਜੋ ਗੁਰੂ ਹੈ ਤਿਸਸੇ ਪਾਈ ਹੈ ਵਾ ਜਿਸਨੇ ਗੁਰੋਂ ਤੇ ਸਚੀ ਵਡਿਆਈ ਪਾਈ ਹੈ ਸੋ ਸਚੁ ਨਾਮ ਦੇਕਰ ਔਰੋਂ ਕੋ ਸਵਾਰਨੇ ਵਾਲਾ ਹੂਆ ਹੈ ॥

ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥
ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥ ੪ ॥ ੨ ॥

ਜਿਨੋਂ ਨੇ ਆਪਾ ਭਾਉ ਗਵਾਇਆ ਹੈ ਤਿਸ ਗੁਰਮੁਖੋਂ ਨੇ ਭੈ ਕੇ ਨਾਸ ਕਰਨ ਹਾਰਾ ਪਰਮੇਸ੍ਵਰ ਪਾਯਾ ਹੈ ਅਰ ਤਿਨਕੇ ਵਾ ਸਤਸੰਗ ਮੇਲ ਮੈਂ ਅਪਨੀ ਬ੍ਰਿਤੀ ਵਾ ਬੁਧੀ ਮਿਲਾਈ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਜੋ (ਨਾਮੁ) ਪ੍ਰਸਿਧ ਹੈ ਅਰੁ ਮਾਇਆ ਸੇ ਰਹਿਤ ਪ੍ਰਮੇਸ੍ਵਰ ਮਨ ਸੇ ਪਰੇ ਇੰਦ੍ਰੋਂ ਕਾ ਅਵਿਸਯ ਹੈ ਹੁਕਮ ਮੇਂ ਤਿਸਕਾ ਮਨ (ਸਮਾਏ) ਅਭੇਦ ਹੋਇ ਰਹਿਤਾ ਹੈ ਹੁਕਮ ਨਾਮ ਸੁਰਤੀ ਸਿੰਮ੍ਰਤੀ ਰੂਪੁ ਆਗਜਾ ਕਾ ਹੈ ॥ ੪ ॥ ੨ ॥
ਮਨ ਕੇ ਪ੍ਰਥਾਇ ਉਪਦੇਸ਼ ਕਰਤੇ ਹੈਂ ॥

ਵਡਹੰਸੁ ਮਹਲਾ ੩ ॥ ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥
ਆਪਣੈ ਘਰਿ ਤੂ ਸੁਖੁ ਵਸਹਿ ਪੋਹਿ ਨ ਸਕੈ ਜਮ ਕਾਲੁ ਜੀਉ ॥

ਹੇ ਮੇਰੇ ਮਨਾ ਤੂੰ ਸਦੀਵਕਾਲ ਸਚ ਰੂਪੁ ਪਰਮੇਸ੍ਵਰ ਕੋ ਸਿਮਰਤਾ ਹੂਆ ਜੀਵ। ਜਬ ਤੂੰ ਅਪਨੇ (ਘਰਿ) ਨਿਜ ਸ੍ਵਰੂਪੁ ਮੇਂ ਬਸੈਗਾ ਤਬ ਤੁਝੇ ਕਿਸੀ ਕਾਲ ਮੇਂ ਭੀ ਜਮ ਵਜਾਪ ਨਹੀਂ ਸਕੇਗਾ ॥

ਕਾਲੁ ਜਾਲੁ ਜਮੁ ਜੋਹਿ ਨ ਸ਼ਕੈ ਸਾਚੈ ਸਬਦਿ ਲਿਵ ਲਾਏ ॥
ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥

ਜੇਕਰ ਤੂੰ ਸਚੇ (ਸਬਦਿ) ਉਪਦੇਸ ਵਾ ਬ੍ਰਹਮ ਮੈਂ ਬ੍ਰਿਤੀ ਲਗਾਵੇਗਾ ਤੌ ਕਿਸੀ ਸਮਜ ਮੇਂ ਜਮ ਹਾਥ ਮੈਂ ਜਾਲ ਲੈਕਰ ਤੇਰੇ ਕੋ ਦੇਖ ਨਹੀਂ ਸਕੇਗਾ ਹੇ ਮਨ ਤੂੰ ਸਦੀਵਕਾਲ ਸਚ ਮੈਂ ਮਸਤ ਹੂਆ ਹੂਆ ਨਿਰਮਲ ਹੋਵੈਗਾ ਅਰ ਆਵਾਗਵਨ ਸੇ ਰਹਿਤ ਹੋਇ ਜਾਇਗਾ ॥

ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮ ਕਾਲਿ ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥ ੧ ॥

ਦ੍ਵੈਤ ਭਾਇ ਕਰਕੇ ਮਨਮੁਖੋਂ ਕੀ ਬੁਧੀ ਭ੍ਰਮ ਮੇਂ (ਵਿਗੁਤੀ) ਖਰਾਬ ਹੋਗਈ ਹੈ ਔਰ ਜਮ ਜੋ ਸਭ ਕਾ ਕਾਲ ਕਰਤਾ ਹੈ ਤਿਸ ਕਰ ਮੋਹੀ ਗਈ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਮੇਰੇ ਮਨ ਸੁਣ ਤੂੰ ਸਦੀਵਕਾਲ ਸਚ ਰੂਪ ਪਰਮੇਸ੍ਵਰ ਕੋ ਸੰਭਾਲ ਭਾਵ ਚਿੰਤਨ ਕਰਤਾ ਰਹੁ ॥ ੧ ॥

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥
ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ ॥

ਹੇ ਮੇਰੇ ਮਨ ਤੇਰੇ ਅੰਤਸਕਰਨ ਮੇਂ ਹੀ ਪ੍ਰਮਾਤਮਾਂ ਰੂਪ ਨਿਧਾਨ ਹੈ ਤੂੰ ਆਤਮ ਵਸਤ ਕੋ ਬਾਹਰਿ ਨ (ਭਾਲਿ) ਖੋਜ ਗੁਰਮੁਖਿ ਹੋਕਰਕੇ (ਨਦਰਿ) ਅਕਾਲ ਪੁਰਖ ਕੋ ਦੇਖ ਕਰ ਜੋ ਚਾਹਤਾ ਹੈ ਸੋ ਤੂੰ (ਭੁੰਚਿ) ਭੋਗੇਗਾ ॥

ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥

ਹੇ ਮੇਰੇ ਮਨ ਗੁਰਮੁਖੋਂ ਵਾਲੀ ਦ੍ਰਿਸਟੀ ਸੇ ਪਰਮੇਸ੍ਵਰ ਕੋ ਦੇਖ ਹਰੀ(ਨਾਮੁ)ਪ੍ਰਸਿੱਧ ਮਿਤ੍ਰਤਾ ਕਰਨੇ ਹਾਰਾ ਤੇਰੇ ਅੰਤ੍ਰ ਹੀ ਹੈ ॥ ਜੋ ਮਨਮੁਖ ਅੰਧੇ ਅਗਜਾਨੀ ਨਾਮ ਸੇ ਰਹਿਤ ਹੈਂ ਤਿਨੋਂ ਨੇ ਦ੍ਵੈਤ ਭਾਉ ਕਰਕੇ ਸਾਰੀ ਸ੍ਰਿਸਟੀ ਹੀ(ਖੁਆਈ)ਖਰਾਬ ਕੀਤੀ ਹੈ ॥

ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮ ਕਾਲਿ ॥
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥ ੨ ॥

ਸਿਧਾਂਤੁ ਕਿ ਯਹ ਪਰਮੇਸ੍ਵਰ ਕੇ ਨਾਮ ਸੇ ਬਿਨਾ ਕੋਈ ਛੂਟਤਾ ਨਹੀਂ ਹੈ ਸਭ ਸ੍ਰਿਸਟੀ ਜਮ ਨੇ(ਕਾਲਿ)ਸਮਜ ਰੂਪ ਰਸੇ ਸੇ ਬਾਂਧ ਛੋਡੀ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਹੇ ਮੇਰੇ ਮਨ ਤੇਰੇ ਅੰਦਰ ਹੀ ਨਾਮ ਰੂਪੀ ਖਜਾਨਾ ਹੈ ਤੂੰ ਆਤਮ ਵਸਤ ਕੋ ਬਾਹਰ ਮਤਢੂੰਢ॥੨॥

ਮਨ ਮੇਰਿਆ ਜਨਮੁ ਪਦਾਰਥੁ ਪਾਇਕੈ ਇਕਿ ਸਚਿ ਲਗੇ ਵਾਪਾਰਾ ॥
ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ ॥

ਹੇ ਮੇਰੇ ਮਨ ਜੋ ਏਕ ਗੁਰਮੁਖ ਹੈਂ ਸੋ ਇਸ ਮਾਨੁਖ ਜਨਮ ਪਦਾਰਥ ਕੋ ਪਾਇ ਕਰਕੇ ਸਚੇ ਨਾਮ ਕੇ ਬਪਾਰ ਮੇਂ ਲਗੇ ਹੈਂ ਔਰ ਅਪਨਾ ਜੋ ਸਤਿਗੁਰੁ ਹੈ ਤਿਸਕਾ ਸੇਵਨ ਕਰਤੇ ਹੈਂ ਤਿਨਕੇ ਅੰਤਸਕਰਨ ਮੇਂ ਅਪਾਰ (ਸਬਦੁ) ਗੁਰ ਉਪਦੇਸ ਹੈ ॥

Digitized by Panjab Digital Library | www.panjabdigilib.org

ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉਨਿਧਿ ਪਾਈ ॥
ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ ॥

ਅੰਤਰਿ ਅਪਾਰ ਉਪਦੇਸ ਕਰਕੇ ਉਨਕੋ ਹਰਿ ਨਾਮ ਪਜਾਰਾ ਲਗਾ ਹੈ ਨਾਮ ਕਰਕੇ ਨਵਨਿਧੀ ਰੂਪ ਭਗਤੀ ਤਿਨੋਂ ਨੇ ਪਾਈ ਹੈ ਔਰ ਮਨਮੁਖ ਮਾਯਾ ਕੇ ਮੋਹ ਮੇਂ ਬਯਾਪਤ ਹੂਏ ਹੂਏ ਦੁਖੋਂ ਨੇ ਸੰਤਪਤ ਕੀਏ ਹੈਂ ਅਰ ਦ੍ਵੈਤ ਭਾਉ ਮੇਂ ਲਗਾ ਕਰਕੇ ਤਿਨੋਂ ਨੇ ਅਪਨੀ ਪਤਿ ਖੋਈ ਹੈ ॥

ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ॥
ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥ ੩ ॥

ਜੋ ਗੁਰਮੁਖ ਹੰਤਾ ਮਮਤਾ ਕੋ ਮਾਰ ਕਰਕੇ ਸਚੇ ਬ੍ਰਹਮ ਮੇਂ ਸਮਾਏ ਹੈਂ ਸੋ ਸਚੇ ਮੇਂ ਪ੍ਰੇਮ ਕਰਨੇ ਕਰ ਤਿਨਕੀ ਅਧਿਕਤਾ ਭਈ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਯਹਿ ਮਾਨੁਖ ਜਨਮ ਦੁਰਲੰਭ ਹੈ ਗੁਰਮੁਖੋਂ ਕੋ ਸਤਗੁਰੋਂ ਨੇ ਐਸੀ ਬੂਝ ਬੁਝਾਈ ਹੈ ॥ ੩ ॥

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥

ਹੇ ਮੇਰੇ ਮਨ ਅਪਨਾ ਜੋ ਸਤਗੁਰੂ ਹੈ ਜੋ ਤਿਸਕਾ ਸੇਵਨ ਕਰਤੇ ਹੈਂ ਸੋ ਬਡਭਾਗੀ ਜਨ ਹੈਂ ਔਰੁ ਜੋ ਅਪਨਾ ਮਨੁ ਮਾਰਤੇ ਹੈਂ ਸੋਈ ਬੈਰਾਗਵਾਨ ਪੁਰਖ ਹੈਂ ॥

ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥

ਜਿਨੋਂ ਕੀ ਸਚ ਮੇਂ ਲਿਉ ਲਾਗੀ ਹੈ ਸੋਈ ਬੈਰਾਗੀ ਹੈਂ ਔ ਤਿਨੋਂ ਨੇ ਅਪਨਾ ਆਪ ਪਛਾਨਾ ਹੈ ਗੁਰੋਂਦ੍ਵਾਰੇ ਤਿਨਕੀ ਬੁਧੀ ਨਿਸਚਲ ਹੁਈ ਹੈ ਔਰ ਗੂੜੀ ਭਾਵ ਸਘਨ ਅਨੰਦ ਵਾਲੀ ਹੂਈ ਹੈ ਔਰੁ ਤਿਨੋਂਨੇ ਹੀ ਨਾਮ ਕਾ ਬਖਜਾਨ ਕੀਆ ਹੈ ॥

ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥
ਨਾਨਕ ਸਹਜਿ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ ॥ ੪ ॥ ੩ ॥

ਏਕ ਮਨਮੁਖ ਜੋ(ਕਾਮਣਿ)ਇਸਤ੍ਰੀਓਂ ਕੇ ਹਿਤਕਾਰੀ ਹੈਂ ਔਰ ਮਾਯਾ ਕੇ ਮੋਹ ਕੇ(ਪਿਆਰੀ)ਪਜਾਰ ਵਾਲੇ ਹੋ ਰਹੇ ਹੈਂ ਐਸੇ ਅਭਾਗੇ ਅਗਜਾਨ ਨਿਦ੍ਰਾ ਮੇਂ ਸੋਇ ਰਹੇ ਹੈਂ ਸ੍ਰੀ ਗੁਰੂ ਜੀ ਕਹਤੇ ਹੈਂ ਜੋ ਸਾਂਤੀ ਧਾਰ ਕਰਕੇ ਅਪਨਾ ਗੁਰੂ ਸੇਵਤੇ ਹੈਂ ਸੋ ਪੂਰਨ ਔਰ ਬਡੇ ਭਾਗੋਂ ਵਾਲੇ ਹੈਂ ॥ ੪ ॥ ੩ ॥

ਵਡਹੰਸੁ ਮਹਲਾ ੩ ॥ ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥

(ਰਾਮ)ਹੇ ਭਾਈ ਜੇ ਸਤਿਗੁਰੂ ਬੁਝਾਇ ਦੇਵੇ ਤਾਂ ਨਾਮ ਰਤਨ ਪਦਾਰਥ ਕੋ (ਵਣਜੀਅਹਿ) ਖਰੀਦੀਏ ॥

ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥

ਜਿਸ ਬਨਜ ਕਾ ਲਾਹਾ ਹਰਿ ਭਗਤਿ ਕਾ ਲਾਭੁ ਹੈ ਤਿਨ ਗੁਨਵਾਲੋਂ ਕੀ ਭਗਵੰਤ ਗੁਣੀ ਮੈਂ ਬ੍ਰਿਤੀ ਸਮਾਈ ਰਹਤੀ ਹੈ ॥

ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤ ਸੈਸਾਰੇ ॥

ਜਿਸਕੋ ਪ੍ਰਮੇਸਰੁ ਆਪ ਬੁਝਾਵਤਾ ਹੈ ਵਹੀ ਗੁਣੀ (ਗੁਣ) ਗਜਾਨ ਮੈਂ ਸਮਾਵਤੇ ਹੈਂ ਔਰੁ ਸੰਸਾਰ ਮੇਂ ਹਰਿ ਭਗਤ ਕਾ ਲਾਹਾ ਲੇਤੇ ਹੈਂ ॥

ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥

ਬਿਨਾ ਭਗਤੀ ਸੇ ਆਨ ਸਾਧਨੋਂ ਸੇ ਸੁਖ ਪ੍ਰਾਪਤ ਨਹੀਂ ਹੋਤਾ ਔਰ ਦੂਜੇ ਭਾਵ ਸੇ (ਪਤਿ)ਪ੍ਰਤਿਸਟਾ ਖੋਈ ਜਾਤੀ ਹੈ ਔ ਗੁਰਮਤਿ ਕਰਕੇ ਜੀਵ ਕੋ ਨਾਮ ਕਾ ਆਧਾਰ ਹੋਤਾ ਹੈ ॥

ਵਖਰੁ ਨਾਮੁ ਸਦਾ ਲਾਭੁ ਹੈ ਜਿਸਨੋ ਏਤੁ ਵਾਪਾਰਿ ਲਾਏ ॥
ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥ ੧ ॥

ਜਿਸਕੋ ਵਾਹਿਗੁਰੂ ਇਸ ਬਾਪਾਰ ਮੇਂ ਲਗਾਇ ਦੇਤਾ ਹੈ ਤਿਸਕੋ ਨਾਮ (ਵਖਰੁ) ਵਸਤ ਕਾ ਸਦਾ ਲਾਭ ਹੋਤਾ ਹੈ। ਹੇ ਭਾਈ ਜੋ ਸਤਿਗੁਰੂ ਬੁਝ ਦੇਵੇ ਤਾਂ ਨਾਮ ਅਮੋਲਕ ਪਦਾਰਥ ਕੋ ਖਰੀਦੀਏ ਹੈ ॥ ੧ ॥

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥
ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥

ਹੇ ਭਾਈ ਸਰਬ ਪ੍ਰਕਾਰ ਕਰਕੇ ਮਾਯਾ ਕਾ ਮੋਹ ਦੁਖ ਰੂਪ ਹੈ ਇਹੁ ਬਪਾਰ ਮੋਹ ਕਰ ਕਰਨਾ ਖੋਟਾ ਹੈ ਝੂਠ ਬੋਲ ਕਰਕੇ ਬਿਖੇ ਰੂਪੁ ਬਿਖੁ ਖਾਤੇ ਹੈਂ ਇਸ ਸੇ ਬਹੁਤ ਸੇ ਬਿਕਾਰ ਬਢਤੇ ਹੈਂ ॥

Digitized by Panjab Digital Library | www.panjabdigilib.org

ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥
ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥

ਇਹੁ ਸੰਸਾਰ ਸੰਸਾ ਰੂਪੁ ਹੈ ਇਸ ਮੈਂ ਜੀਵ ਕੇ ਮਨ ਮੈਂ ਬਹੁਤੁ ਬਿਕਾਰ ਵਧਤੇ ਹੈਂ ਨਾਮ ਸੇ ਬਿਨਾ ਜੀਵੋਂਨੇ ਅਪਨੀਪ੍ਰਤਿਸ੍ਠਾ ਖੋਇ ਦੀ ਹੈ ਜੋ ਪੰਡਤ ਪੜ੍ਹ ਪੜ੍ਹ ਕਰਕੇ ਝਗੜਾ ਕਰਤੇ ਹੈਂ ਤਿਨਕੋ ਭੀ ਬਿਨਾਂ ਬੂਝਕੇ ਸੁਖ ਨਹੀਂ ਪ੍ਰਾਪਤਿ ਹੋਤਾ ਹੈ ॥

ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥
ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥ ੨ ॥

ਜਿਨੋਂ ਕੋ ਮਾਇਆ ਕਾ ਮੋਹ ਪਜਾਰਾ ਹੈ ਤਿਨਕਾ ਆਵਾਗਮਨ ਕਦੇ ਨਹੀਂ ਹਟਤਾ ਹੈ ਮਾਯਾ ਕਾ ਮੋਹ ਸਭੁ ਦੁਖ ਰੂਪ ਹੈ ਏਹੁ ਬਪਾਰੁ ਹੀ ਖੋਟਾ ਹੈ ॥ ੨ ॥

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥

ਹੇ ਭਾਈ ਤਿਸ ਸਚੇ ਪ੍ਰਭੂ ਕੇ ਦਰਬਾਰ ਮੇਂ ਖੋਟੇ ਖਰੇ ਸਭ ਕੋਈ ਪਰਖੀਤੇ ਹੈਂ ਖੋਟੇ ਦਰਗਾਹ ਮੇਂ (ਸੁਟੀਅਨਿ) ਨਰਕੋਂ ਮੈਂ ਪਾਈਤੇ ਹੈਂ ਔ (ਊਭੇ) ਖੜੇ ਹੂਏ ਪੁਕਾਰ ਕਰਤੇ ਹੈਂ ॥

ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥
ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥

ਐਸੇ (ਮੁਗਧ ਗਵਾਰਾ)ਅਤਿ ਮੂਰਖ ਮਨਮੁਖੋਂ ਨੇ ਅਪਨਾ ਜਨਮੁ ਬਿਅਰਥ ਗਵਾਇਆ ਹੈ (ਊਭੇ) ਖੜੇ ਹੂਏ ਪੁਕਾਰ ਕਰਤੇ ਹੈਂ ਯਹ ਬਿਖ ਰੂਪ ਮਾਯਾ ਕੈਸੀ ਹੈ ਜਿਸਨੇ ਜਗਤ ਕੋ ਭੁਲਾਇਆ ਹੈ ਤਿਸ ਕਰਕੇ ਜੀਵ ਕੋ ਸਚ ਨਾਮੁ ਭਾਯਾ ਨਹੀਂ ਹੈ ॥

ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥
ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥ ੩ ॥

ਮਨਮੁਖ ਸੰਤੋਂ ਸੇ ਬੈਰ ਕਰਕੇ ਸੰਸਾਰ ਮੇਂ ਦੁਖ ਕੋ ਖਟਤੇ ਹੈਂ ਤਿਸ ਸਚੇ ਪਰਮੇਸ੍ਵਰ ਕੇ ਦਰਬਾਰ ਮੈਂ ਪਾਪੀ ਔ ਪੁੰਨੀ ਪਰਖੀਤੇ ਹੈਂ ॥ ੩ ॥

ਆਪਿ ਕਰੇ ਕਿਸੁ ਆਖੀਐ ਹੋਰ ਕਰਣਾ ਕਿਛੂ ਨ ਜਾਈ ਰਾਮ ॥
ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸਦੀ ਵਡਿਆਈ ਰਾਮ ॥

ਹੇ ਭਾਈ ਵਾਹਿਗੁਰੂ ਆਪ ਹੀ ਸਭ ਕੁਛ ਕਰਤਾ ਹੈ ਔਰ ਕਿਸਕੋ ਕਹੀਏ ਕਿਸੀ ਸੇ ਔਰ ਕਿਛੁ ਕਹਾ ਨਹੀਂ ਜਾਤਾ ਹੈ ॥
ਹੇ ਭਾਈ ਜਿਸੁ ਕਰਮ ਮੈਂ ਲਗਾਇਆ ਚਾਹੁੰਦਾ ਹੈ ਤਿਸਮੈਂ ਜੀਵੋਂ ਕੋ ਲਗਾਂਵਦਾ ਹੈ ਔ ਜੈਸੇ ਤਿਸੁਦੀ(ਵਡਿਆਈ) ਇਛਾ ਹੂਈ ਹੈ ਤੈਸੇ ਲਗਾਇਆ ਹੈ ਵਾ ਤੈਸੇ ਜੀਵ ਕਰਤੇ ਹੈਂ ॥

ਜਿਉ ਤਿਸਦੀ ਵਡਿਆਈ ਆਪਿ ਕਰਾਈ ਵਰੀਆਮੁ ਨਵੁਸੀ ਕੋਈ ॥
ਜਗ ਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ ॥

ਜੈਸੇ ਤਿਸਦੀ ਇਛਾ ਹੋਤੀ ਹੈ ਤੈਸੇ ਹੀ ਆਪ ਜੀਵੋਂ ਸੇ ਕਰਵਾਵਤਾ ਹੈ ਤਿਸਕੇ ਹੁਕਮ ਸੇ ਬਿਨਾ ਅਪਨੇ ਆਪ ਕਰਕੇ ਨ ਕੋਈ(ਵਰੀਆਮੁ)ਸੂਰਮਾ(ਨਵੁਸੀ)ਕਾਇਰੁ ਹੈ ਜੋ ਜਗਤ ਕਾ(ਜੀਵਨੁ)ਪ੍ਰਾਣ ਰੂਪੁ ਹੈ ਔ(ਬਿਧਾਤਾ)ਕਰਮਾਂ ਕੇ ਜਾਨਣੇਵਾਲਾ ਹੈ ਸੋਈ ਆਪ ਬਖਸ ਲੇਤਾ ਹੈ ॥

ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥ ੪ ॥ ੪ ॥

ਗੁਰੋਂ ਕੀ ਕ੍ਰਿਪਾ ਕਰਕੇ ਜਬ ਆਪਾ ਭਾਉ ਕੋ ਦੂਰ ਕਰ ਦੀਜੀਏ ਸ੍ਰੀ ਗੁਰੂ ਜੀ ਕਹਿਤੇ ਹੈਂ ਤਬ ਨਾਮੀ ਮੇਂ ਪ੍ਰਾਪਤਿ ਹੋਕਰ ਪ੍ਰਤਿਸਟਾ ਪਾਈਤੀ ਹੈ ॥ ਜੋ ਕਛੁ ਕਰਤਾ ਹੈ ਸੋ ਹਰੀ ਆਪ ਹੀ ਆਪ ਕਰਤਾ ਹੈ ਤਾਂਤੇ ਤਿਸਕੋ ਕਹੀਏ ਕੇ ਅਮਕਾ ਕਾਮ ਕਰ ਦੇਹੁ ਜੇ ਕਰੀਏ ਭੀ ਤਉ ਹੋਰ ਕਛੁ ਕਰਾ ਭੀ ਨਹੀਂ ਜਾਤਾ ਨੈ ॥ ੪ ॥ ੪ ॥

ਵਡਹੰਸੁ ਮਹਲਾ ੩ ॥ ਸਚਾ ਸਉਦਾ ਹਰਿਨਾਮੁ ਨੈ ਸਚਾ ਵਾਪਾਰਾ ਰਾਮ ॥
ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ ॥

ਹੇ ਭਾਈ ਹਰਿ ਨਾਮੁ ਹੀ ਸਚਾ ਸਉਦਾ ਹੈ ਤਿਸਕਾ ਬਪਾਰੁ ਕਰਨਾ ਭਾਵ ਜਪਨਾ ਭੀ ਸਚਾ ਹੈ ਸੋ ਗੁਰੋਂ ਕੀ ਸਿਖਜਾ ਕਰਕੇ ਲਈਤਾ ਹੈ ਤਿਸਕਾ ਸਰਧਾ ਰੂਪੁ ਮੋਲ (ਅਫਾਰਾ)ਅਸਹ ਵਾ ਅਪਾਰ ਹੈ ਵਾ ਅਮੋੜ ਹੈ ਭਾਵ ਨਾਮ ਦੇ ਬਦਲੇ ਦੇਣੇ ਵਾਲੀ ਕੋਈ ਬਸਤੂ ਨਹੀਂ ਹੈ ਜੋ ਇਸਦਾ ਸ੍ਰਧਾ ਰੂਪੁ ਮੁਲ ਹੈ ਤਿਸਕੋ ਗੁਰੁ ਵਾ ਪ੍ਰਮੇਸਰੁ ਆਗੇ ਤੇ ਮੋੜਤੇ ਨਹੀਂ ਹੈਂ ॥

Digitized by Panjab Digital Library | www.panjabdigilib.org

ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥
ਅੰਤਰਿ ਬਾਹਰਿ ਭੁਗਤੀ ਰਾਤੇ ਸਚਿ ਨਾਮਿ ਲਿਵਲਾਗੀ ॥

ਸਚੇ ਨਾਮ ਅਪਾਰ ਕਾ ਅਤੀ ਅਫਾਰਾ ਮੋਲ ਹੈ ਐਸੇ ਸਚੇ ਬਾਪਾਰ ਮੇਂ ਬਡਭਾਗੀ ਗੁਰਮੁਖ ਲਗੇ ਹੈਂ ਸੋ ਅੰਤਰਿ ਬਾਹਰਿ ਸੇ ਭਾਵ ਮਨ ਤਨ ਕਰਕੇ ਭੁਗਤੀ ਮੇਂ ਮਸਤ ਹੈਂ ਔ ਤਿਨਕੀ ਇਸ ਪ੍ਰਕਾਰ ਸਚੇ ਨਾਮ ਮੇਂ ਲਿਵ ਲਾਗੀ ਹੈ ॥

ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥
ਨਾਨਕ ਨਾਮਿ ਰਤੇ ਤਿਨਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥ ੧ ॥

ਜਿਸ ਪਰ ਅਕਾਲ ਪੁਰਖ ਕਿਰਪਾ ਕਰਤਾ ਹੈ ਸੋਈ ਗੁਰ ਉਪਦੇਸ ਕੇ ਬੀਚਾਰ ਕਰਕੇ ਸਚ ਕੋ ਪਾਉਤਾ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਜੋ ਪ੍ਰੇਮ ਕਰਕੇ ਸਚੇ ਨਾਮ ਕੇ ਬਾਪਾਰ ਮੇਂ ਲਗੇ ਹੈਂ ਤਿਨੋਂ ਨੇ ਹੀ ਸਚੇ ਨਾਮ ਕਾ ਸੁਖ ਪਾਇਆ ਹੈ ॥ ੧ ॥

ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥

ਹੇ ਭਾਈ ਯਹ ਮਾਯਾ ਹੰਤਾ ਮਮਤਾ ਮੈਲ ਹੈ ਮਾਯਾ ਕੀ ਮੈਲੁ ਕਰਕੇ ਹੀ ਮਨ ਭਰੀਤਾ ਹੈ ਜਉ ਗੁਰਮਤ ਕਰਕੇ ਰਸਨਾ ਕਰਕੇ ਹਰਿ ਰਸ ਕੋ ਪਾਨ ਕਰੀਏ ਭਾਵ ਨਾਮ ਜਪੀਏ ਤਉ ਮਨ ਸੁਧ ਹੋਤਾ ਹੈ ॥

ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥
ਅੰਤਰਿ ਖੁਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥

ਰਸਨਾ ਕਰਕੇ ਹਰੀ ਰਸਕੋ ਪਾਨ ਕਰੀਏ ਭਾਵ ਨਾਮੁ ਜਪੀਏ ਅਰੁ ਅੰਤਹਕਰਣ ਭੀ ਨਾਮ ਮੈਂ(ਭੀਜੈ)ਤਦਾਕਾਰ ਹੋਜਾਵੈ ਅਰੁ(ਸਾਚ ਸਬਦਿ)ਮਹਾਂ ਵਾਕੋਂ ਕਾ ਭੀ ਵੀਚਾਰੁ ਕਰਨੇ ਵਾਲਾ ਹੋਵੈ ਸਰੀਰ ਕੇ ਅੰਤਰ ਜੋ ਬ੍ਰਹਮ ਰੂਪੁ ਕੂਪੁ ਅਨੰਦ ਅੰਮ੍ਰਤ ਕਰਕੇ ਭਰਾ ਹੂਆ ਹੈ ਗੁਰਾਂ ਕੇ ਉਪਦੇਸ ਕਰ ਪੂਰਬ ਕਹੀ ਰੀਤ ਸੇ ਬ੍ਰਹਮ ਕੋ ਅਪ੍ਰੋਖ ਕਰਕੇ ਬੁਧੀ ਰੂਪ(ਪਨਿਹਾਰੀ) ਪਾਨੀ ਭਰਨੇ ਵਾਲੀ ਅਨੰਦ ਰੂਪੀ ਅੰਮ੍ਰਿਤ ਕੋ ਪਾਨ ਕਰਤੀ ਹੈ ॥

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥
ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲ ਭਰੀਜੈ ॥ ੨ ॥

ਜਿਸ ਪਰ ਵਾਹਿਗੁਰੂ ਕ੍ਰਿਪਾ ਕੀ ਦ੍ਰਿਸਟਿ ਕਰਤਾ ਹੈ ਸੋਈ ਸਚ ਮੇਂ ਲਗਤਾ ਹੈ ਔਰ ਤਿਸੀ ਕੀ ਰਸਨਾ ਰਾਮ ਮੇਂ ਰਮਣ ਕਰਤੀ ਹੈ ਆਪ ਭੀ ਕਰੀਏ ਸ੍ਰੀ ਗੁਰੂ ਜੀ ਕਹਤੇ ਹੈਂ ਜੋ ਰਾਮ ਨਾਮ ਮੇਂ ਰਾਤੇ ਹੈਂ ਸੋਈ ਨਿਰਮਲ ਹੈਂ ਔਰ ਸਭ ਹੰਕਾਰ ਮੈਲ ਸੇ ਭਰੀਤੇ ਹੈਂ ॥ ੨ ॥

ਪੰਡਿਤ ਜੋਤਕੀ ਸਭਿ ਪਾੜ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥

ਹੇ ਭਾਈ ਜਿਤਨੇ ਪੰਡਤ ਔਰ ਜੋਤਸੀ ਹੈਂ ਸਭ ਪਢ ੨ ਕਰ ਸਾਸਤ੍ਰੋਂ ਕੋ (ਕੂਕਦੇ) ਪੁਕਾਰਤੇ ਫਿਰਤੇ ਹੈਂ ਭਾਵ ਮਾਇਆ ਕਾ ਤਿਆਗ ਜਨਾਵਤੇ ਹੈਂ ਓਹ ਕਿਸਕੇ ਪਾਸ ਪੁਕਾਰ ਕਰੇ ਆਪ ਤਿਆਗ ਕਰੇ ਅਰ ਆਪ ਕੋ ਸਮਝਾਵੈ ਤੋ ਸੁਸਟ ਹੈਂ ਅੰਤਸਕਰਣ ਮੇਂ ਮਾਇਆ ਕੇ ਮੋਹ ਰੂਪ ਕੀ ਮੈਲ ਲਗੀ ਹੂਈ ਹੈ ਇਸੀ ਕਰਕੇ ਮਾਇਆ ਕੇ ਵਾਪਾਰ ਮੇਂ ਲਗੇ ਹੈਂ ॥

ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ ॥

ਜਗਤ ਕੋ ਪਿਆਰਾ ਜਾਨ ਕੇ ਜੀਵ ਮਾਇਆ ਕੇ ਬਪਾਰਾਂ ਮੈਂ ਲਾਗ ਰਹਾ ਹੈ ਇਸੀ ਤੇ ਆਵਾਗਵਨ ਕਾ ਦੁਖ ਪਾਉਤਾ ਰਹਤਾ ਹੈ ਜੀਵ ਰੂਪ ਮਾਇਆ ਬਿਖ ਕਾ ਕੀੜਾ ਪੀਛੇ ਥਾ ਅਰ ਅਬ ਭੀ ਬਿਖ ਮੈਂ ਹੀ ਲਗਾ ਹੂਆ ਹੈ ਔ ਮਰ ਕਰ ਕੇ ਭੀ (ਬਿਸ੍ਟਾ) ਨਰਕ ਵਾ ਗਰਭ ਮੈਂ ਸਮਾਈ ਹੋਵੇਗੀ ਭਾਵ ਪੜੇਗਾ ॥

ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣ ਹਾਰਾ ॥
ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥ ੩ ॥

ਜੋ ਧੁਰਿ ਸੇ ਲਿਖਾ ਹੈ ਜੀਉ ਸੋਈ ਕਮਾਉਤਾ ਹੈ ਤਿਸਕੇ ਮੇਟਨੇ ਹਾਰਾ ਕੋਈ ਨਹੀਂ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਜੋ ਨਾਮ ਮੇਂ ਰੋਤੇ ਹੈਂ ਤਿਨੋਂ ਨੇ ਹੀ ਨਿਤ ਸੁਖ ਪਾਇਆ ਹੈ ਔਰ ਜੋ (ਮੂਰਖ ਗਾਵਾਰਾ) ਅਤਿ ਮੂਰਖ ਹੈਂ ਸੋ ਪੁਕਾਰ ਕਰ ਮਰੇ ਹੈਂ ॥ ੩ ॥

ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥
ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਨ ਜਾਈ ਰਾਮ ॥

ਹੇ ਭਾਈ ਜੋ ਕੋਈ ਕਹੈ ਕਿ ਮਨਮੁਖ ਨਾਮ ਕਿਉਂ ਨਹੀਂ ਜਪਤੇ ਤਿਨਕਾ ਮਨ ਮਾਇਆ ਕੇ ਮੋਹ ਮੇਂ ਰੰਗਾ ਹੂਆ ਹੈ ਤਿਸੀ

Digitized by Panjab Digital Library | www.panjabdigilib.org

ਮੋਹ ਕਰਕੇ ਤਿਨਕੋ ਨਾਮ ਜਪਨੇ ਕੀ ਕੁਛ ਸੁਧ ਨਹੀਂ ਹੈ। ਜਬ ਗੁਰਮੁਖਤਾ ਸੇ ਇਸ ਮਨ ਕੋ ਰੰਗਨਾ ਕਰੀਏ ਤਬ ਦੂਜਾ ਭਾਵ ਮਨਮੁਖਤਾ ਕਾ ਰੰਗ ਜਾਤਾ ਰਹਿਤਾ ਹੈ॥

ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥
ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣ ਹਾਰਾ ॥

ਜਬ ਦੂਜਾ ਰੰਗ ਜਾਤਾ ਹੈ ਤਬ ਸਚ ਮੇਂ ਸਮਾਈ ਹੋਤੀ ਹੈ। ਔਰ ਸਚ ਮੇਂ ਸਮਾਇ ਕਰਕੇ ਸਚੇ ਕੈ ਨਾਮ ਕੇ ਹੀ ਭੰਡਾਰੇ ਭਰੇ ਰਹਤੇ ਹੈਂ ਜੋ ਗੁਰਮੁਖ ਹੋਤਾ ਹੈ ਇਸ ਭੇਦ ਕੋ ਸੋਈ ਜਾਨਤਾ ਹੈ ਸਚ ਅਕਾਲ ਪੁਰਖ ਤਿਨਕਾ ਸਵਾਰਨੇ ਹਾਰਾ ਹੋਤਾ ਹੈ ॥

ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥
ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥ ੪ ॥ ੫ ॥

ਜਿਸਕੋ ਹਰਿ ਆਪ ਮੇਲਤਾ ਹੈ ਸੋਈ ਮਿਲਤਾ ਹੈ ਔਰ ਕੁਛ ਕਹਾ ਨਹੀਂ ਜਾਤਾ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਇਕਨਾਂ ਮਨਮੁਖੋਂ ਕੋ ਬਿਨਾਂ ਨਾਮਕੇ ਭਰਮ ਮੇਂ ਭੁਲਾਇ ਦੀਆ ਹੈ ਏਕ ਗੁਰਮਖ ਨਾਮ ਮੇਂ ਪ੍ਰੇਮ ਲਾਕਰ (ਰਤੇ) ਤਦਾਕਾਰ ਹੁਏ ਹੈਂ ॥ ੪ ॥ ੫ ॥

ਵਡਹੰਸੁ ਮਹਲਾ ੩ ॥ ਏ ਮਨ ਮੇਰਿਆ ਆਵਾਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ ॥
ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ ॥

ਹੇ ਮੇਰੇ ਮਨ ਇਹ ਸੰਸਾਰ ਆਵਾਗਵਨ ਰੂਪ ਹੈ ਅੰਤ ਕੋ ਸਚਾ (ਨਿਬੇੜਾ) ਨਿਆਉਂ ਹੋਇਗਾ। ਵਾ ਸਚ ਨਾਮ ਕਰ (ਨਿਬੇੜਾ) ਛੂਟਨਾ ਹੋਤਾ ਹੈ ਆਪ ਹੀ ਸਚਾ ਵਾਹਿਗੁਰੂ ਜਿਸਕੋ ਆਵਾਗਮਨ ਸੇ ਬਖਸ ਲੇਤਾ ਹੈ ਤਿਸਕਾ ਬਹੁਰ ਸੰਸਾਰ ਮੇਂ ਫੇਰਾ ਨਹੀਂ ਹੋਤਾ ਹੈ ॥

ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ ॥
ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ ॥

ਅੰਤ ਕੋ ਸਚ ਕਰ ਨਬੇੜਾ ਹੋਤਾ ਹੈ ਫਿਰ ਚਉਰਾਸੀ ਮੇਂ ਫਿਰਨਾ ਨਹੀਂ ਹੋਤਾ ਅਰ ਗੁਰਮੁਖੋਂ ਕੋ ਬਡਿਆਈ ਮਿਲਤੀ ਹੈ। ਗੁਰਮੁਖ ਸਚੇ ਕੇ ਪ੍ਰੇਮ ਮੇਂ ਰਤੇ ਹੈਂ ਔ ਸੁਭਾਵਕ ਹੀ ਮਸਤ ਹੈਂ ਅਰ ਸੇ ਸੁਭਾਵਕ ਹੀ ਪਰਮੇਸਰ ਮੈਂ ਮਿਲ ਰਹੇ ਹੈਂ ॥

ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ ॥
ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ ॥ ੧ ॥

ਇਸ ਪ੍ਰਕਾਰ ਸਚਾ ਹਰੀ ਜਿਸਕੇ ਮਨ ਮੇਂ ਭਾਇਆ ਹੈ ਔਰ ਸਚ ਕੋ ਜਿਸਨੇ ਮਨ ਮੇਂ ਬਸਾਇਆ ਹੈ ਤਿਸਕਾ ਅੰਤ ਕੋ ਨਬੇੜਾ ਹੁਆ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਨਾਮ ਮੇਂ ਪ੍ਰੇਮ ਕਰਕੇ ਸੋ ਸਚ ਮੇਂ ਸਮਾਏ ਹੈਂ ਪੁਨਾ ਤਿਨਕਾ ਸੰਸਾਰ ਸਮੁੰਦਰ ਮੇਂ (ਫੇਰਾ) ਆਵਣਾਂ ਨਹੀਂ ਹੋਤਾ ਹੈ ॥ ੧ ॥

ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥
ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥

ਹੇ ਭਾਈ ਮਾਇਆ ਮੇਂ ਜੋ ਮੋਹ ਹੈ ਸੋ ਸਭ (ਬਰਲੁ) ਬਾਉਲਪਨਾ ਅਰਥਾਤ ਬਿਅਰਥ ਹੈ ਮਨਮੁਖਤਾ ਕਰਕੇ ਸ੍ਰਿਸਟੀ ਦੂਜੈ ਭਾਇ ਮੈਂ (ਖੁਆਈ) ਭੂਲੀ ਹੈ। ਮਾਤਾ ਪਿਤਾ ਆਦਿ ਜਿਤਨੇ ਸੰਬੰਧੀ ਹੈਂ ਸਭ ਕੋ ਮਾਇਆ ਮੇਂ ਹਿਤ ਹੈ ਮਾਯਾ ਹੀ ਕੇ ਹਿਤ ਮੇਂ ਬੁਧੀ ਪਲਚਾਈ ਭਾਵ ਲਗੀ ਹੈ ॥

ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥
ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥

ਪੂਰਬ ਕੀਏ ਹੁਏ ਕਰਮਾਨੁਸਾਰ ਕੋਈ ਮਿਟਾਇ ਨਹੀਂ ਸਕਤਾ ਜਿਸਨੇ ਸ੍ਰਿਸਟੀ ਉਤਪੰਨ ਕਰੀ ਹੈ ਸੋਈ ਕੌਤਕ ਕਰਕੇ ਦੇਖਤਾ ਹੈ ਇਸ ਮਾਇਆ ਕੇ ਪ੍ਰੇਮ ਮੇਂ ਮਨਮੁਖੋਂ ਕੀ ਬੁਧੀ ਲਗੀ ਹੁਈ ਇਸ ਸੇ ਉਸਕੋ ਅਰ ਤਿਸਕੇ ਬਰਾਬਰ ਕੋਈ ਨਹੀਂ ॥

ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥
ਨਾਨਕ ਬਿਨੁ ਨਾਵੈ ਸਭੁ ਕੋਈ ਭੂਲਾ ਮਾਇਆ ਮੋਹਿ ਖੁਆਈ ॥ ੨ ॥

ਮਨਮੁਖ ਜੋ ਅਗਿਆਨੀ ਹੈਂ ਸੋ ਅਨੇਕ ਪ੍ਰਕਾਰ ਕੇ ਸੰਕਲਪੋਂ ਸੇ ਤਪਤ ਕਰਕੇ ਖਪਤਾ ਰਹਤਾ ਹੈ ਬਿਨਾਂ ਉਪਦੇਸ਼ ਕੇ ਤਿਸਕੋ ਸਾਂਤੀ ਨਹੀਂ ਆਉਤੀ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਨਾਮ ਸੇ ਬਿਨਾਂ ਸਭ ਕੋਈ ਭੂਲਾ ਹੁਆ ਹੈ ਇਸ ਪ੍ਰਕਾਰ ਤਿਨ ਜੀਵੋਂ ਕੀ ਬੁਧੀ ਮਾਇਆ ਕੇ ਮੋਹ ਮੇਂ (ਖੁਆਈ) ਭੂਲੀ ਹੁਈ ਹੈ ॥ ੨ ॥

ਏਹੁ ਜਗੁ ਜਲਤਾ ਦੇਖਕੈ ਭਜਿ ਪਏ ਹਰਿ ਸਰਣਾਈ ਰਾਮ ॥
ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥

Digitized by Panjab Digital Library | www.panjabdigilib.org

ਹੇ ਭਾਈ ਹਮ ਵਾ ਗੁਰਮਖ ਜਨ ਇਸ ਸੰਸਾਰ ਕੋ ਮਾਇਆ ਮੋਹ ਮੇਂ ਜਲਤਾ ਹੂਆ ਦੇਖ ਕਰ ਦੌੜ ਕਰ ਹਰਿ ਕੀ ਸਰਣ ਮੈਂ ਪੜੇ ਹੈਂ। ਅਰ ਗੁਰ ਪੂਰੇ ਕੇ ਆਗੇ ਇਹ ਅਰਦਾਸ ਕਰਤੇ ਹੈਂ ਕਿ ਹੇ ਮਹਾਰਾਜ ਹਮਾਰੇ ਕੋ ਗੁਰਮੁਖਤਾ ਕੀ ਬਡਾਈ ਦੇਉ ਔਰ ਇਸ ਜਲਤੇ ਸੰਸਾਰ ਸੇ ਰਖ ਲੇਹੁ ॥

ਰਖਿ ਲੇਵਹੁ ਸਰਣਾਈ ਹਰਿਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ ॥
ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥

ਹੇ ਗੁਰੋ ਹਰੀ ਨਾਮ ਕੀ ਬਡਾਈ ਦੇਕਰ ਅਪਨੀ ਸ਼ਰਣ ਮੇਂ ਰਖ ਲੇਵੋ ਕਿਉਂਕਿ ਤੁਮਾਰੇ ਜੈਸਾ ਬੜਾ ਦਾਤਾ ਔਰ ਕੋਈ ਨਹੀਂ ਹੈ। ਜੋ ਆਪ ਕੀ ਸੇਵਾ ਮੇਂ ਲਗੇ ਹੈਂ ਸੋ ਬੜੇ ਭਾਗੋਂ ਵਾਲੇ ਹੈਂ ਔਰ ਤਿਨੋਂ ਨੇ ਜੁਗੋਂ ਜੁਗੋਂ ਮੇਂ ਏਕ ਆਪ ਹੀ ਕੋ ਜਾਨਾ ਹੈ ॥

ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥
ਨਾਨਕ ਤਿਸਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥ ੩ ॥

ਹੇ ਭਾਈ ਗੁਰੋਂ ਸੇ ਬਿਨਾਂ ਚਾਹੇ ਜਤ ਸਤ ਸੰਜਮਾਦਿ ਕਰਮ ਭੀ ਕਰੇ ਪਰੰਤੂ ਸ਼ੁਭ ਗਤਿ ਨਹੀਂ ਪਾਉਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ। ਜੋ ਹਰਿ ਸਰਣ ਮੇਂ ਦੌੜ ਕਰ ਪੜਤਾ ਹੈ ਤਿਸਕੋ ਆਪ ਗੁਰੂ (ਸਬਦੁ) ਬ੍ਰਹਮ ਕਾ ਸ੍ਵਰੂਪ ਬੁਝਾਉਤੇ ਹੈਂ ॥੩ ॥

ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ ॥
ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ ॥

ਜੋ ਹਰਿ ਮਤ ਦੇਤਾ ਹੈ ਸੋਈ ਜੀਉ ਕੋ ਉਪਜਤੀ ਹੈ ਔਰ ਅਪਨੀ ਕੋਈ ਮਤ ਨਹੀਂ ਹੈ ਤੂੰ ਐਸੇ ਜਾਨ ਜੋ ਹਰਿ ਅੰਤਰ ਬਾਹਰ ਏਕ ਹੈ ਐਸੀ ਬੂਝ ਹਰੀ ਆਪ ਹੀ ਬੁਝਾਇ ਦੇਤਾ ਹੈ ॥

ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥
ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥

ਜਿਨਕੋ ਆਪ ਸਮਝਾ ਦਿਤੀ ਹੈ ਤਿਨਕੋ ਔਰ ਬਾਤ ਨਹੀਂ ਭਾਈ ਹੈ ਅਰ ਜਿਸ ਗੁਰਮੁਖ ਨੈ ਇਸ ਹਰਿ ਕੇ ਗਿਆਨ ਕਾ ਰਸ ਚਾਖਿਆ ਹੈ ਸਚੇ ਦੁਆਰੇ ਸਤਸੰਗ ਮੈਂ ਸੋਈ ਸਦਾ ਸਚਾ ਹੈ। ਜਿਸਨੇ ਸਾਚੇ ਸਬਦ ਕੋ ਕਹਾ ਹੈ ਭਾਵ ਜਿਸਨੇ ਗੁਰ ਉਪਦੇਸ ਕੋ ਜਪਾ ਹੈ ॥

ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥
ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥ ੪ ॥ ੬ ॥

ਜਿਸਕੋ ਸਤਗੁਰੂ ਬਡਾਈ ਦੇਤੇ ਹੈਂ ਤਿਸਨੇ (ਘਰੁ) ਸਰੀਰ ਮੇਂ ਹੀ (ਨਿਜ ਘਰੁ) ਸਰੂਪ ਕੋ ਪਾਇਆ ਹੈ । ਸ੍ਰੀ ਗੁਰੂ ਜੀ ਕਹਤੇ ਹੈਂ ਜੋ ਨਾਮ ਮੇਂ ਰਾਤੇ ਹੈਂ ਸੋਈ ਸਚ ਸਰੂਪ ਕੋ ਪਾਵਤੇ ਹੈਂ ਅਰ (ਸਾਈ) ਓਹੀ ਮਤ ਪ੍ਰਮਾਣੀਕ ਹੈ ॥ ੪ ॥ ੬ ॥

ਵਡਹੰਸੁ ਮਹਲਾ ੪ ਛੰਤ ॥ ੧ ੴ ਸਤਿਗੁਰਪ੍ਰਸਾਦਿ
ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥

ਹੇ ਭਾਈ ਮੇਰੇ ਮਨ ਨੇ ਮੇਰੇ (ਮਨਿ) ਮੰਨ ਕਰਕੇ ਭਾਵ ਆਪਣੇ ਹਿਤਕਾਰੀ ਜਾਨ ਕੇ ਸਤਗੁਰੋਂ ਸੇ ਪ੍ਰੀਤੀ ਲਗਾਈ ਹੈ ॥

ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ ॥

ਇਸ ਸੇ ਤਿਨ ਗੁਰੋਂ ਨੇ ਮਨ ਤਨ ਬਾਣੀ ਕਰਕੇ ਹਰਿਨਾਮ ਕੀ ਪ੍ਰੀਤਿ ਮੇਰੇ ਮਨ ਮੇਂ ਬਸਾਈ ਹੈ ॥

ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣ ਹਾਰਾ ॥
ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੁ ਹਮਾਰਾ ॥

ਜੋ ਹਰਿ ਨਾਮ ਸਭ ਦੁਖੋਂ ਕੋ ਦੂਰ ਕਰਨੇ ਹਾਰਾ ਹੈ ਤਿਸ ਹਰਿ ਨਾਮ ਕੀ ਪ੍ਰੀਤੀ ਮੇਰੇ ਮਨ ਮੇਂ ਗੁਰੋਂ ਨੇ ਵਸਾਈ ਹੈ ਹਮਨੇ ਬਡੇ ਭਾਗੋਂ ਕਰਕੇ ਗੁਰੂ ਕਾ ਦਰਸਨ ਪਾਯਾ ਹੈ ਸੋ ਹਮਾਰਾ ਸਤਿਗੁਰੂ ਧੰਨ ਹੈ ਧੰਨ ਹੈ ॥

ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ ॥
ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ ॥ ੧ ॥

ਹਮ ਉਠਤੇ ਬੈਠਤੇ ਸਤਿਗੁਰ ਕੋ ਸੇਵਤੇ ਹੈਂ ਜਿਸਕੇ ਸੇਵਨੇ ਸੇ ਹਮਨੇ ਸਾਂਤ ਪਾਈ ਹੈ। ਇਸੀ ਸੇ ਮੇਰੇ ਮਨ ਨੇ ਸਤਿਗੁਰੋਂ ਕੇ ਸਾਥ ਪ੍ਰੀਤੀ ਲਗਾਈ ਹੈ ॥ ੧ ॥

ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ ॥
ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥

Digitized by Panjab Digital Library | www.panjabdigilib.org

ਮੈਂ ਸਤਿਗੁਰੋਂ ਕੇ ਸਰੂਪ ਕੋ ਦੇਖ ਕਰਕੇ (ਸਰਸੇ) ਅਨੰਦ ਸਹਤ ਜੀਤਾ ਹੂੰ ॥ ਗੁਰੋਂ ਨੇ ਜੋ ਹਰਿ ਹਰਿ ਨਾਮ ਦ੍ਰਿੜ ਕਰਾਏ ਹੈਂ ਮੈਂ ਤਿਸ ਹਰਿ ਹਰਿ ਨਾਮੋਂ ਕੋ ਜਪ ਕਰਕੇ ਪ੍ਰਸੰਨ ਹੋਤਾ ਹੂੰ ॥

ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੈਨਿਧਿ ਪਾਈ ॥
ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥

ਹਰਿ ਹਰਿ ਨਾਮ ਕੋ ਜਪ ਕਰਕੇ ਮੇਰਾ ਅੰਤਹਕਰਣ ਰੂਪ ਕਮਲ ਬਿਗਸਤ ਹੁਆ ਹੈ ਕਯੋਂਕਿ ਮੈਨੇ ਹਰਿ ਨਾਮ ਰੂਪ ਨਵਨਿਧ ਪਾਈ ਹੈ ॥ ਅਰ ਹੰਤਾ ਮਮਤਾ ਰੋਗ ਚਲਾ ਗਯਾ ਹੈ ਔਰ ਜਨਮ ਮਰਣ ਦੁਖ ਦੂਰ ਹੋਗਯਾ ਹੈ ਹਰਿ ਕੇ (ਸਹਜਿ) ਸ੍ਵਰੂਪ ਮੇਂ ਸਮਾਧਿ ਲਗਾਈ ਹੈ॥

ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ ॥ ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥ ੨ ॥

ਜਿਨ ਸਤਿਗੁਰੋਂ ਸੇ ਹਰਿ ਨਾਮ ਕੀ ਬਡਾਈ ਪਾਈ ਹੈ ਤਿਨ ਸਤਿਗੁਰ ਦੇਵ ਕੇ ਪਰਸਨੇ ਸੇ ਹਮ ਸਭ ਸੁਖ ਕੋ ਪ੍ਰਾਪਤ ਭਏ ਹੈਂ ਮੈਂ ਸਤਿਗੁਰੂ ਕੋ ਦੇਖ ਕਰ ਆਨੰਦ ਸਹਿਤ ਜੀਵਤਾ ਹੂੰ ॥ ੨ ॥

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥

ਹੇ ਭਾਈ ਜੋ ਕੋਈ ਐਸੇ ਮੇਰੇ ਸਤਿਗੁਰੂ ਕੋ ਮੁਝੇ ਲਿਆਇ ਕਰ ਮਿਲਾਇ ਦੇ ਮੈਂ ਸੰਸਾਰ ਕਾ ਮੋਹ ਕਾਟ ਕਰ ਮਨ ਤਨ ਸਰੀਰ ਤਿਸਕਉ ਦੇਊਂ ॥

ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰਿ ਦਰਸਨਿ ਸੁਖੁ ਪਾਏ ॥

ਜੋ ਐਸੇ ਸਤਿਗੁਰੋਂ ਕੇ ਬਚਨੋਂ ਕੋ ਸੁਨਾਏ ਮੈਂ ਮਨ ਤਨ ਕਾਟ ਕਾਟ ਕਰ ਤਿਸਕੋ ਦੇਵਾਂ ਅਰਥਾਤ ਮੈਂ ਤਿਨਕੋ ਮਨ ਤਨ ਅਰਪਣ ਕਰੂੰ ਮੇਰਾ ਮਨ ਜੋ ਬੈਰਾਗੀ ਬੈਰਾਗ ਕੀ ਯੋਗਤਾ ਵਾਲਾ ਹੈ ਤਿਸਕੋ ਬੈਰਾਗ ਭਯਾ ਹੈ ਇਸ ਸੇ ਜਬ ਗੁਰੋਂ ਕਾ ਦਰਸਨ ਮਿਲੈ ਤਬ ਸੁਖ ਕੋ ਪ੍ਰਾਪਤਿ ਹੋਵੈ ॥

ਹਰਿ ਹਰਿ ਕ੍ਰਿਪਾ ਕਰਹੁ ਸੁਖ ਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ ॥
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ॥ ੩ ॥

ਐਸੇ ਬੇਨਤੀ ਕਰੋ ॥ ਹੇ ਸੁਖ ਦਾਤੇ ਔਰ ਦੁਖ ਹਰਨੇ ਵਾਲੇ ਹਰੀ ਆਪ ਐਸੀ ਕ੍ਰਿਪਾ ਕਰਹੁ ਜੋ ਸਤਿਗੁਰੋਂ ਕੇ ਚਰਨੋਂ ਕੀ ਧੂਰ ਹਮਕੋ ਪ੍ਰਾਪਤਿ ਹੋਵੇ ਅਰ ਕੋਈ ਮੇਰਾ ਸਤਿਗੁਰ ਪੂਰਾ ਲਯਾਕੇ ਮੈਨੂੰ ਮਿਲਾਵੇ ॥ ੩ ॥

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥

ਹੇ ਭਾਈ ਗੁਰੋਂ ਕੇ ਬਰਾਬਰ ਦਾਤਾ ਮੁਝੇ ਔਰ ਕੋਈ ਨਹੀਂ ਦਿਖਾਈ ਦੇਤਾ ॥

ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥

ਹਰਿ ਨਾਮ ਰੂਪ ਦਾਨ ਦੇਨੇ ਹਾਰਾ ਹੈ ਸੋਈ ਸਤਿਗੁਰੂ ਨਿਰੰਜਨ ਪੁਰਖ ਭਾਵ ਮਾਇਆ ਸੇ ਰਹਤ ਹੈ ॥

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨਕਾ ਦੁਖੁ ਭਰਮੁ ਭਉ ਭਾਗਾ ॥

ਜਿਨੋਂਨੇ ਹਰਿ ਹਰਿ ਨਾਮ ਕਾ ਅਰਾਧਨਾ ਕੀਆ ਹੈ ਤਿਨਕਾ ਦੁਖ ਭ੍ਰਮ ਭਜ ਸਭ ਭਾਗ ਗਇਆ ਹੈ। ।

ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਣੀ ਮਨੁ ਲਾਗਾ ॥

ਜਿਨਕਾ ਗੁਰ ਚਰਨੋਂ ਮੇਂ ਮਨ ਲਾਗਾ ਹੈ ਸੋਈ ਵਡਭਾਗੀ ਸੇਵਕ ਭਾਇ ਕਰ ਗੁਰੋਂ ਮੇਂ ਮਿਲੇ ਹੈਂ ॥

ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹਰਿ ਨੇ ਜਿਨਕੋ ਆਪ ਸਤਿਗੁਰ ਪੁਰਖ ਮਿਲਾਏ ਹੈਂ ਤਿਨਕੋ ਸਤਿਗੁਰ ਪੁਰਖ ਸੇ ਮਿਲ ਕਰਕੇ ਸੁਖ ਕੀ ਪ੍ਰਾਪਤੀ ਹੋਈ ਹੈ ॥

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥ ੪ ॥ ੧ ॥

ਗੁਰਾਂ ਜੈਸਾ ਵਡਾ ਦਾਤਾ ਮੈਨੇ ਤੀਨੋਂ ਕਾਲੋਂ ਮੈਂ ਹੋਰ ਕੋਈ ਨਹੀਂ ਜ਼ਾਨਾ ਹੈ ॥ ੪ ॥ ੧ ॥

ਵਡਹੰਸੁ ਮਹਲਾ ੪ ॥ ਹੱਉ ਗੁਰ ਬਿਨੁ ਹੱਉ ਗੁਰ ਬਿਨ ਖਰੀ ਨਿਮਾਣੀ ਰਾਮ ॥

ਹੇ ਰਾਮ ਗੁਰੋਂ ਸੇ ਬਿਨਾਂ ਮੈਂ ਅਤੀ ਬਹੁਤ ਨਿਮਾਣੀ ਹੋ ਰਹੀ ਹੂੰ ॥

ਜਗਜੀਵਨੁ ਜਗੁਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ ॥

Digitized by Panjab Digital Library | www.panjabdigilib.org

ਹੇ ਹਰੀ ਗੁਰੋਂ ਕੇ ਮੇਲ ਕਰ ਕੇ ਜਿਨ ਕੀ ਬੁਧਿ ਤੇਰੇ ਨਾਮ ਮੇਂ ਸਮਾਈ ਹੈ ਤਿਨੋਂ ਨੇ ਤੁਝ ਜਗ ਜੀਵਨ ਦਾਤਾ ਕੋ ਪਾਇਆ ਹੈ ॥

ਸਤਿਗੁਰੁ ਮੇਲਿ ਹਰਿਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥

ਹੇ ਹਰੀ ਸਤਗੁਰੋਂ ਸੇ ਮਿਲ ਕਰ ਕੇ ਜਿਨਕੀ ਬੁਧੀ ਤੇਰੇ ਨਾਮ ਮੈਂ ਸਮਾਈ ਹੈ ਤਿਨੋਂ ਨੇ ਹੀ ਮਨ ਬਾਣੀ ਤਨ ਕਰ ਤੇਰੇ ਨਾਮ ਕੋ ਧਿਆਇਆ ਹੈ ॥

ਜਿਸੁ ਕਾਰਣਿ ਹਉ ਢੂਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥

ਜਿਸ ਤੁਝ ਹਰਿ ਕੇ ਢੂੰਢਨੇ ਕੇ ਕਾਰਨ ਮੈਂ ਦੇਸਾਤੋਂ ਮੈਂ ਢੂੰਢਤੀ ਥੀ ਸੋ ਤੂੰ ਹਰਿ ਸਜਣ ਗੁਰੋਂ ਕੀ ਕਿਰਪਾ ਸੇ ਮੈਨੇ ਘਰ ਹੀ ਮੇਂ ਪਾਇ ਲੀਆ ਹੈ ॥

ਏਕ ਦ੍ਰਿਸਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥

ਹੇ ਹਰੀ ਅਬ ਏਕ ਦ੍ਰਿਸਟਿ ਕਰਕੇ ਏਕ ਤੁਝ ਹੀ ਕੋ ਜਾਨਾ ਹੈ ਇਸ ਸੇ (ਆਤਮ ਰਾਮੁ) ਅੰਤਹਕਰਣ ਮੇਂ ਰਮਣ ਕਰਨੇ ਵਾਲੇ ਆਪ ਹਰੀ ਕੇ ਪਹਚਾਨਣੇ ਵਾਲੇ ਹੂਏ ਹੈਂ ॥

ਹੱਉ ਗੁਰ ਬਿਨੁ ਹੱਉ ਗੁਰ ਬਿਨੁ ਖਰੀ ਨਿਮਾਣੀ ॥ ੧ ॥

ਗੁਰੋਂ ਸੇ ਬਿਨਾਂ ਮੈਂ ਮਨ ਤਨ ਕਰਕੇ ਅਤੀ ਨਿਰਾਦਰ ਪਾਵਤੀ ਥੀ ॥ ੧ ॥

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥

ਹੇ ਰਾਮ ਜਿਨੋਂ ਨੇ ਮਨ ਤਨ ਕਰ ਸਤਗੁਰੋਂ ਕੋ ਪਾਇਆ ਹੈ ਸੋ ਗੁਰੋਂ ਨੇ ਤੁਝ ਹਰਿ ਪ੍ਰਭ ਕੇ ਮੇਲ ਮੇਂ ਮਿਲਾਏ ਹੈਂ ॥

ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨਕੈ ਪਾਏ ਰਾਮ ॥
ਹਰਿ ਹਰਿ ਚਰਣ ਸਰੇਵਹ ਤਿਨਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧਿਆਇਆ ॥

ਹੇ ਹਰੀ ਜਿਨੋਂ ਗੁਰਮੁਖੋਂ ਨੇ ਸਤਗੁਰ ਪੁਰਖ ਪ੍ਰਭ ਪਾਇਆ ਹੈ ਹਮ ਤਿਨਕੇ ਚਰਣੋਂ ਕੀ ਥਾਰੰਥਾਰ ਸੇਵਾ ਕਰਤੇ ਹੈਂ ਅਰ ਤਿਨਕੇ ਚਰਣੋਂ ਮੇਂ ਲਗਤੇ ਹੈਂ ॥

ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿਰਾਇਆ ॥

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥

ਹੇ ਹਰਿ ਸੋ ਤੂੰ ਬਡਾ ਦਾਤਾ ਅੰਤਰਜਾਮੀ ਹੈਂ ਇਸ ਸੇ ਮੇਰੀ ਸਰਧਾ ਕੋ ਪੂਰਨ ਕਰ ਹੇ ਹਰੀ ਗੁਰਸਿਖੋਂ ਕੋ ਮੇਲ ਕਰ ਮੇਰੀ ਸਰਧਾ ਪੂਰਨ ਕਰ ਜਿਸ ਸੇ ਹੇ ਰਾਮ ਤੇਰੇ ਗੁਣੋਂ ਕੋ ਮੈਂ ਰਾਤ ਦਿਨ ਗਾਇਆ ਕਰੂੰ ॥

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥ ੨ ॥

ਹੇ ਸਮਰਥ ਹਰੀ ਜਿਨੋਂ ਨੇ ਸਤਗੁਰੁ ਪਾਇਆ ਹੈ ਤਿਨਕੋ ਤੂੰ ਅਪਨੇ ਮੇਲ ਮੈਂ ਮਿਲਾਵਤਾ ਹੈਂ ਅਰਥਾਤ ਅਪਨੇ ਸੇ ਅਭੇਦ ਕਰ ਲੇਤਾ ਹੈਂ ॥ ੨ ॥

ਹੱਉ ਵਾਰੀ ਹੱਉ ਵਾਰੀ ਗੁਰ ਸਿਖ ਮੀਤ ਪਿਆਰੇ ਰਾਮ ॥
ਹਰਿਨਾਮੋ ਹਰਿਨਾਮੁ ਸੁਣਾਏ ਮੇਰਾ ਪ੍ਰੀਤਮ ਨਾਮੁ ਅਧਾਰੇ ਰਾਮ ॥

ਹੇ ਹਰੀ ਰਾਮ ਜੋ ਆਪ ਪ੍ਰੀਤਮ ਕੇ ਨਾਮ ਮੇਰੇ ਆਸਰਾ ਰੂਪ ਹੈਂ ਤਿਨ ਨਾਮੋਂ ਕੋ ਮੇਰੇ ਕੋ ਸੁਨਾਵੈ ਮੈਂ ਤਿਨ ਗੁਰ ਸਿਖ ਮਿਤ੍ਰ ਪਿਆਰੋਂ ਕੇ ਊਪਰ ਸੇ ਬਲਿਹਾਰਨੇ ਜਾਤਾ ਹੂੰ ॥

ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥
ਹਰਿ ਹਰਿ ਕ੍ਰਿਪਾ ਕਰੇ ਸੁਖ ਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥

ਹੇ ਹਰਿ ਤੇਰਾ ਨਾਮ ਜੋ ਮੇਰਾ ਪ੍ਰਾਨ ਸਖਾਈ ਹੈ ਤਿਸ ਨਾਮ ਸੇ ਬਿਨਾਂ ਮੈਂ ਏਕ ਘੜੀ ਪਲ ਭੀ ਨਹੀਂ ਜੀਉ ਸਕਤਾ ਹੂੰ। ਸੁਖਦਾਤਾ ਹਰਿ ਜਬ ਤੂੰ ਗੁਰੋਂ ਦੁਆਰਾ ਕਿਰਪਾ ਕਰੈ ਤਬ ਮੈਂ ਨਾਮ ਅੰਮ੍ਰਿਤ ਕੋ ਪਾਨ ਕਰੂੰ ॥

ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥
ਹੰਉ ਵਾਰੀ ਹੰਉ ਵਾਰੀ ਗੁਰ ਸਿਖ ਮੀਤ ਪਿਆਰੇ ॥ ੩ ॥

ਹੇ ਹਰਿ ਗੁਰੋਂ ਮੇਂ ਸਰਧਾ ਕਰਾ ਕਰ ਗੁਰਮੁਖੋਂ ਕੋ ਸਵਾਰ ਲੇਤਾ ਹੈਂ ਅਰ ਫਿਰ ਆਪਨੇ ਮੈਂ ਤੂੰ ਆਪ ਹੀ ਮਿਲਾਇ ਲੇਤਾ ਹੈਂ ਗਰ ਸਿਖ ਮੇਰੇ ਅਤੀ ਪਿਆਰੇ ਮਿਤ੍ਰ ਹੈਂ ਮੈਂ ਤਿਨਕੇ ਊਪਰ ਸੇ ਵਾਰਨੇ ਜਾਤਾ ਹੂੰ ॥

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥
ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥

Digitized by Panjab Digital Library | www.panjabdigilib.org

ਹੇ ਹਰਿ ਤੂੰ ਆਪ ਹੀ ਸੋ ਨਿਰੰਜਨ ਪੁਰਖ ਹੈਂ ਅਰ ਆਪ ਹੀ ਜੋ ਤੂੰ ਮੇਲੇਂ ਤਾਂ ਗੁਰੂ ਮਿਲਤੇ ਹੈਂ ਔਰ ਜੋ ਤੂੰ ਕਰਤਾ ਹੈਂ ਸੋਈ ਹੋਤੀ ਹੈ॥

ਜੋ ਹਰਿ ਪ੍ਰਭੁ ਕਰਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥
ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥

ਹੇ ਹਰਿ ਪ੍ਰਭੂ ਜੋ ਤੁਝਕੋ ਭਾਉਤਾ ਹੈ ਸੋਈ ਹੋਤਾ ਹੈ ਔਰ ਕੁਛ ਕਰਾ ਨਹੀਂ ਜਾਤਾ ਹੈ । ਬਹੁਤ ਹੀ ਸਿਆਨਪ ਕਰਕੇ ਤੂੰ (ਲਇਆ) ਪਾਇਆ ਨਹੀਂ ਜਾਤਾ ਹੈਂ ਕਿਉਂਕਿ ਬਹੁਤ ਚਤਰਾਈ ਕਰਕੇ ਸਭ ਥਕ ਗਏ ਹੈਂ ॥

ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥ ੪ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਗੁਰੋਂ ਕੀ ਕਿਰਪਾ ਕਰਕੇ ਮੈਨੇ ਤੀਨੋਂ ਕਾਲੋਂ ਮੇਂ ਆਪ ਕੋ ਨਿਰੰਜਨ ਪੁਰਖ ਦੇਖਾ ਹੈ ਆਪ ਕੈਸੇ ਹੋ ਕਿ ਜਿਸ ਤੁਝ ਹਰਿਕੇ ਸਮਾਨ ਔਰ ਕੋਈ ਨਹੀਂ ਹੈ ਹੇ ਹਰੀ ਨਿਰੰਜਨ ਜੋ ਕੁਛ ਦਿਖਾਈ ਦੇਤਾ ਹੈ ਸੋ ਤੂੰ ਆਪ ਹੀ ਹੈਂ॥੪॥੨॥

ਵਡਹੰਸੁ ਮਹਲਾ ੪ ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥

ਹੇ ਹਰੀ ਮੇਰੀ ਯਹ ਸਰਧਾ ਹੈ ਕਿ ਸਤਿਗੁਰ ਕੇ ਸਾਥ ਤੂੰ ਮੇਰੇ ਕੋ ਮੇਲ ਕਿਉਂਕਿ ਸਤਿਗੁਰੋਂ ਕੇ ਚਰਣੋਂ ਮੈਂ ਪ੍ਰੇਮ ਹਮਾਰੇ ਕੋ ਭਾਇਆ ਹੈ ॥

ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥
ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥

(ਗੁਰ)ਪਰਮਾਤਮਾਂ ਕਾ ਗਜਾਨ ਰੂਪੀ ਅੰਜਨ ਜਿਨਾਂ ਸਤਿਗੁਰਾਂ ਨੇ ਪਾਇਆ ਹੈ ਹੇ ਭਾਈ ਤਿਨਾਂ ਅੰਧੇਰਾ ਅਗਜਾਨ ਗਵਾਇਆ ਹੈ ॥ ਸੋਈ ਗਜਾਨ ਅੰਜਨ ਸਤਿਗੁਰਾਂ ਨੇ ਹਮਾਰੇ ਵਾ ਜਗਜਾਸੂ ਕੇ ਰਿਦੇ ਮੇਂ ਪਾਇਆ ਹੈ ਇਸ ਸੇ ਹਮਾਰਾ ਵਾ ਜਗਜਾਸੂ ਕਾ ਅਗਜਾਨ ਅੰਧੇਰਾ ਔ ਤਦਜੰਨ ਦੁਖ ਨਾਸ ਹੁਆ ਹੈ ॥

ਸਤਿਗੁਰ ਸੇਵਿ ਪਰਮਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥

ਸਤਿਗੁਰੋਂ ਕੋ ਸੇਵਨੇ ਕਰਕੇ ਤੁਝ ਹਰਿ ਕੋ ਸਾਸ ਸਾਸ ਮੇਂ ਜਪਾ ਔਰ ਪਰਮਪਦ ਅਕਾਲ ਪੁਰਖ ਪ੍ਰਭ ਆਪਕੋ ਪਾਯਾ ਹੈ। ਜਿਨ ਪਰ ਹਰਿ ਪ੍ਰਭੂ ਤੁਝਨੇ ਕ੍ਰਿਪਾ ਧਾਰਨ ਕਰੀ ਹੈ ਤਿਨਕੋ ਸਤਿਗੁਰੋਂ ਕੀ ਸੇਵਾ ਮੇਂ ਲਗਾਇਆ ਹੈ ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥ ੧ ॥

ਅਰਥ ਪੂਰਬ ਵਤ ॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥
ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥

ਹੇ ਰਾਮ ਮੇਰਾ ਜੋ ਸਤਿਗੁਰੂ ਪਜਾਰਾ ਹੈ ਮੁਝ ਸੇ ਤਿਸ ਗੁਰ ਬਿਨਾਂ ਰਹਾ ਨਹੀਂ ਜਾਤਾ ॥ ਕਿਉਂਕਿ ਹੇ ਹਰਿ ਤੇਰਾ ਨਾਮ ਦੇਕਰ ਅੰਤ ਮੇਂ ਸਹਾਇਤਾ ਕਰਨੇ ਹਾਰਾ ਵੁਹ ਸਤਿਗੁਰ ਹੀ ਹੈ ॥

ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥
ਜਿਥੈ ਪੁਤੁ ਕਲਤੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥

ਹੇ ਹਰੀ ਜੋ ਤੇਰਾ ਨਾਮ ਅੰਤ ਮੇਂ ਸਹਾਇਤਾ ਕਰਨੇ ਹਾਰਾ ਹੈ ਸੋ ਨਾਮ (ਗੁਰਿ \ ਪੂਜਯ ਸਤਿਗੁਰੋਂ ਨੇ ਦ੍ਰਿੜ ਕਰਵਾਇਆ ਹੈ ॥ ਜਹਾਂ ਪੁਤ੍ਰ (ਕਲਤ੍ਰ) ਇਸਤ੍ਰੀ ਕੋਈ ਸਹਾਇਕ ਨਹੀਂ ਹੈ ਤਹਾਂ ਹੇ ਹਰਿ ਤੇਰੇ ਨਾਮ ਹੀ ਨੇ ਜੀਵੋਂ ਕੋ ਛੁਡਾਇਆ ਹੈ॥

ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥
ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥ ੨ ॥

ਤਾਂਤੇ ਧੰਨ ਹੈ ਧੰਨ ਹੈ ਐਸੇ ਮਾਯਾ ਸੇ ਰਹਿਤ ਸਤਿਗੁਰ ਪੁਰਖ ਜਿਨਕੇ ਮਿਲਨੇ ਸੇ ਤੇਰੇ ਨਾਮ ਕੇ ਧ੍ਯਾਵਨੇ ਵਾਲੇ ਹੁਏ ਹੈਂ ਇਸ ਸੇ ਸਤਿਗੁਰੂ ਜੋ ਮੇਰਾ ਪਿਆਰਾ ਹੈ ਤਿਸ ਗੁਰੋਂ ਕੇ ਦਰਸਨ ਬਿਨਾਂ ਮੇਰੇ ਸੇ ਰੋਹਾ ਨਹੀਂ ਜਾਤਾ ਹੈ ॥ ੨ ॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥
ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ ॥

ਹੇ ਰਾਮ ਜਿਨੋਂਨੇ ਸਤਿਪੁਰਖ ਗੁਰੋਂ ਕਾ ਦਰਸਨ ਨਹੀਂ ਪਾਯਾ ਹੈ ਤਿਨੋਂਨੇ ਮਾਨੁਖ ਜਨਮ ਪਦਾਰਥ ਕੋ(ਬਿਰਥਾ)

Digitized by Panjab Digital Library | www.panjabdigilib.org

ਨਿਸਫਲ ਖੋਇਆ ਹੈ ॥

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥
ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗ ਹੀਣ ਹਰਿ ਦੂਰੇ ॥

ਜਿਨੋਂ ਨੇ ਮਾਨੁਖ ਜਨਮ ਕੋ (ਬ੍ਰਿਥਾ) ਨਿਸਫਲ ਗਵਾਇਆ ਹੈ ਐਸੇ(ਸਾਕਤ)ਮਨਮੁਖ ਮਰ ਕਰ ਝੁਰਤੇ ਰਹਿਤੇ ਹੈਂ ਯਦਪ ਜੀਵਤੇ ਭੀ ਹੈਂ ਤਉ ਭੀ ਮੁਏ ਹੁਏ ਹੀ ਹੈਂ ॥ ਰਤਨ ਪਦਾਰਥ ਨਾਮ ਸੋ ਤਿਸਕੇ ਘਰ ਮੇਂ ਹੋਤੇ ਹੀ ਭੂਖੇ ਰਹਿਤੇ ਹੈ ਤਾਂਤੇ ਭਾਗੋਂ ਸੇ ਹੀਨ ਮਨਮੁਖੋਂ ਕੋ ਹਰੀ ਦੂਰ ਪ੍ਰਤੀਤ ਹੋਤਾ ਹੈ ॥

ਹਰਿ ਹਰਿ ਤਿਨਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥
ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥ ੩ ॥

ਹੇ ਹਰਿ ਹਮਕੋ ਤਿਨਕਾ ਦਰਸ ਪ੍ਰਾਪਤਿ ਨ ਕਰਾਓ ਜਿਨ ਮਨਮੁਖੋਂ ਨੇ ਮਨ ਬਾਣੀ ਕਰਕੇ ਤੇਰਾ ਹਰਿ ਨਾਮ ਕੋ ਧਜਾਉਨਾ ਨਹੀਂ ਕੀਆ ਹੈ॥ ਜਿਨੋਂ ਨੇ ਮਨ ਤਨ ਕਰਕੇ ਸਤਿਗੁਰ ਪੁਰਖ ਕਾ ਦਰਸਨ ਨਹੀਂ ਪਾਇਆ ਹੈ ਤਿਨਕਾ ਜਨਮ ਨਿਸਫਲ ਹੈ॥ ੩ ॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥ ਗੁਰ ਮਿਲਿ
ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥

ਹੇ ਰਾਮ ਹਰਿ (ਹਮ) ਮੁਝ ਚਾਤ੍ਰਿਕ ਕੀ ਆਪਕੇ ਪਾਸ ਯਹਿ ਬੇਨਤੀ ਹੈ ! ਹਮਕੋ ਸਤਗੁਰ ਮਿਲਿਓ ਜੋ ਹਮ ਸਤਗੁਰੋਂ ਕੀ ਭਗਤੀ ਕਰੈਂ ॥

ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥
ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮਾਰੇ ॥

ਸੋ ਸਤਗੁਰੋਂ ਕੀ ਭਗਤੀ ਤਬ ਹੋਇਗੀ ਜਬ ਹੇ ਹਰਿ ਆਪ ਕਿਰਪਾ ਧਾਰਨ ਕਰਹੁ ਗੇ। ਮੇਰਾ ਗੁਰੋਂ ਸੇ ਬਿਨਾਂ ਔਰ ਕੋਈ ਰਛਕ ਨਹੀਂ ਹੈ ਸਤਿਗੁਰ ਪੂਜ ਮੇਰੇ ਪ੍ਰਾਣ ਰੂਪ ਹੈਂ ॥

ਕਹੁ ਨਾਨਕ ਗੁਰਿ ਨਾਮੁ ਦ੍ਰਿੜਾਇਆ ਹਰਿ ਹਰਿ ਨਾਮੁ ਹਰਿ ਸਤੀ ॥
ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪ੍ਰਾਸਿ ਬੇਨੰਤੀ ॥ ੪ ॥ ੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਬ ਸਤਗੁਰੋਂ ਨੇ ਹਰਿ ਹਰਿ ਨਾਮ ਦ੍ਰਿੜ ਕ੍ਰਾਇਆ ਹੈ ਤਬ ਹਮ ਸਤੀ ਸੰਤੋਖੀ ਹੋਕਰ ਕੇ ਹਰਿ ਹਰਿ ਨਾਮ ਕੋ ਕਹਤੇ ਹੈਂ ਹੇ ਹਰੀ ਦੀਨ ਬੁਧੀ ਹੈਂ ਪਪੀਹੇ ਸਮਾਨ ਹੋਕਰ ਤੇਰੇ ਪਾਸ ਬੇਨਤੀ ਕਰਤੇ ਹੈਂ ॥ ੪ ॥ ੩ ॥

ਵਡਹੰਸੁ ਮਹਲਾ ੪ ॥ ਹਰਿ ਕਿਰਪਾ ਹਰਿ ਕਿਰਪਾ ਕਰਿ ਸਤਿਗੁਰੁ ਮੇਲਿ ਸੁਖ ਦਾਤਾ ਰਾਮ ॥

ਹੇ ਹਰਿ ਐਸੀ ਕਿਰਪਾ ਕਰੋ ਜੋ ਸੁਖ ਦਾਤਾ ਔ ਹਰੀ ਰੂਪ ਕਿਰਪਾ ਕੀ ਖਾਨ ਜੋ ਸਤਿਗੁਰ ਹੈ ਤਿਸਕੋ ਮੇਲ ॥

ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਹਰਿ ਬਾਤਾ ਰਾਮ ॥

ਹੇ ਹਰਿ ਰਾਮ ਜੋ ਹਮ ਸਤਗੁਰੋਂ ਸੇ ਤੇਰੀ ਬਾਤਾਂ ਪੂਛੇਂ ॥

ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ ॥

ਜਿਨ ਸਤਗੁਰੋਂ ਨੇ ਨਾਮ ਪਦਾਰਥ ਪਾਇਆਹੈ ਹੇ ਹਰੀ ਤਿਨ ਪਾਸੋਂ ਆਪ ਸੰਬੰਧੀ ਬਾਤ ਪੂਛੇਂਗੇ ॥

ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ ॥

ਹੇ ਹਰਿ ਜਿਨ ਸਤਗੁਰੋਂ ਨੇ ਤੇਰੈ ਮਿਲਨੇ ਕਾ ਗੁਰ ਪੂਜਨ ਰਸਤਾ ਜਗਿਆਸੂਆਂ ਕੋ ਬਤਾਇਆ ਹੈ ਤਿਨਕੇ ਚਰਨੋਂ ਮੇਂ ਲਗ ਕਰਕੇ ਹਮ ਨਿਤ ਬਿਨਤੀ ਕਰਹਿੰਗੇ ॥

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ਹਰਿ ਹਰਿ ਨਾਮਿ ਹਰਿ ਰਾਤਾ ॥

ਹੇ ਹਰੀ ਸੋਈ ਭਗਤ ਹੈ ਜੋ ਦੁਖ ਸੁਖ ਕੋ ਸਮਾਨ ਕਰਕੇ ਜਾਨਤਾ ਹੈ ਅਰ ਤੇਰੇ ਨਾਮੋਂ ਮੇਂ ਨਿਰੰਤਰ ਰਾਤਾ ਹੂਆ ਹੈ ॥

ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ ਸਤਿਗੁਰੁ ਮੇਲਿ ਸੁਖ ਦਾਤਾ ॥ ੧ ॥

ਹੇ ਹਰੀ ਕਿਰਪਾ ਕੀ ਖਾਨ ਕਿਰਪਾ ਕਰਕੇ ਸਤਗੁਰੂ ਸੁਖ ਦਾਤਾ ਮੈਨੂੰ ਮੇਲ ॥ ੧ ॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹਉਮੈ ਪਾਪਾ ਰਾਮ ॥

ਹੇ ਰਾਮ ਗੁਰਮੁਖ ਸੇ ਬਾਰੰਬਾਰ ਆਪ ਕੇ ਨਾਮ ਸੁਣ ਕਰਕੇ ਅਹੰਤਾ ਮਮਤਾ ਆਦਿ ਸਭ ਹਮਾਰੇ ਪਾਪ ਬਿਨਾਸ ਹੋਗਏ ਹੈਂ ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥

ਹਰਿ ਹਰਿ ਨਾਮ ਜਪ ਕਰਕੇ ਜਗਤ ਮੇਂ ਸਭ ਪ੍ਰਕਾਰ ਕੇ ਭਾਵ ਤੀਨੋਂ ਤਾਪ ਹੈਂ ਸੋ (ਲਥਿਅੜੇ) ਉਤਰ ਗਏ ਹੈਂ ॥

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨਕੇ ਦੁਖ ਪਾਪ ਨਿਵਾਰੇ ॥

ਜਿਨੋਂ ਨੇ ਹਰਿ ਹਰਿ ਨਾਮ ਕਾ ਅਰਾਧਨ ਕੀਆ ਹੈ ਤਿਨਕੇ ਪਾਪ ਔ ਦੁਖ ਸਭ ਨਾਮ ਨੇ ਦੂਰ ਕੀਏ ਹੈਂ ॥

Digitized by Panjab Digital Library | www.panjabdigilib.org

ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮ ਕੰਕਰ ਮਾਰਿ ਬਿਦਾਰੇ ॥
ਜਿਸਕੇ ਹਾਥ ਮੇਂ ਸਤਗੁਰੋਂ ਨੇ ਗਿਆਨ ਰੂਪ ਖੜਗ ਦੀਆ ਹੈ ਤਿਸਨੇ ਜਮ ਕੇ ਦੂਤ ਮਾਰ ਕਰਕੇ (ਬਿਦਾਰੇ) ਫੈਂਕ ਦੀਏ ਹੈਂ ॥

ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖ ਦਾਤੇ ਦੁਖ ਲਾਥੇ ਪਾਪ ਸੰਤਾਪਾ ॥
ਸਭ ਆਪ ਹਰੀ ਪ੍ਰਭ ਸੁਖਦਾਤਾ ਨੇ ਕਿਰਪਾ ਧਾਰਨ ਕਰੀ ਹੈ ਤਬ ਸਭ ਪ੍ਰਕਾਰ ਕੇ ਦੁਖ ਔਰ ਸੰਤਾਪ ਉਤਰ ਗਏ ਹੈਂ ॥
ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹਉਮੈ ਪਾਪਾ ॥ ੨ ॥
ਗੁਰਾਂ ਦੁਆਰੇ ਨਾਮ ਸੁਣ ਕੇ ਔਰ ਹੰਤਾ ਮਮਤਾ ਔ ਪਾਪ ਸਭ ਨਾਸ ਹੂਏ ਹੈਂ ॥ ੨ ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥
ਮੁਖਿ ਗੁਰਮੁਖਿ ਮੁਖਿ ਗੁਰਿਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥
ਹੇ ਰਾਮ ਹਰੀ ਆਪ ਕੇ ਹਰਿ ਹਰਿ ਨਾਮ ਕਾ ਜਪ ਮੇਰੇ ਮਨ ਕੋ ਨਿਰੰਤਰ ਭਾਇਆ ਹੈ। ਮੁਖਜ ਜੋ ਗੁਰਮੁਖ ਹੈਂ ਤਿਨ ਦੁਆਰੇ ਮੁਖ ਗੁਰਮੁਖ ਹੋਕਰਕੇ ਹੇ ਹਰਿ ਤੇਰੇ ਨਾਮ ਕਾ ਜਪ ਕਰ ਸਭ ਰੋਗੋਂ ਕਾ ਸਮਦਾਇ ਖੋਇ ਦੀਆ ਹੈ ॥

ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥
ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥
ਹੇ ਹਰੀ ਆਪ ਕੋ ਗੁਰੋਂ ਦੁਆਰੇ ਜਪ ਕੇ ਸਭ ਰੋਗ ਗਵਾਇਆ ਹੈ ਅਬ ਹਮ ਸਰੀਰ ਸੇ ਭਾਵ ਤੀਨੋਂ ਸਰੀਰੋਂ ਰੂਪੀ ਰੋਗ ਸੇ ਰਹਤ ਭਏ ਹੈਂ ਔ ਗਹਿਰ ਗੰਭੀਰ ਤੁਝਕੋ ਜਪਾ ਹੈ ਤਾਂਤੇ ਅਬ ਰਾਤ ਦਿਨ ਸਾਂਤੀ ਹੂਈ ਹੈ ਅਰ ਸਮਾਧਿ ਲਗ ਰਹੀ ਹੈ ॥
ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥ ੩ ॥
ਜਿਸ ਉਤਮ ਜਾਤ ਵਾਲੇ ਨੇ ਵਾ ਨੀਚ ਜਾਤ ਪੁਰਖੋਂ ਨੇ ਹੇ ਹਰਿ ਤੇਰਾ ਨਾਮ ਜਪਾ ਹੈ ਤਿਨੋਂ ਨੇ ਪਰਮ ਪਦਾਰਥ ਮੋਖਪਦਕੋ ਪਾਇਆ ਹੈ ਹੇ ਹਰੀ ਇਸ ਸੇ ਤੇਰੇ ਨਾਮ ਕਾ ਜਪ ਮੇਰੇ ਮਨ ਮੈਂ ਭਾਇਆ ਹੈ ॥ ੩ ॥
ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥
ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮਾਰੇ ਰਾਮ ॥
ਹੇ ਹਰਿ ਕਿਰਪਾ ਧਾਰਨ ਕਰੋ ਔਰ ਕਿਰਪਾ ਧਾਰਨ ਕਰ ਮੁਝਕੋ ਸੰਸਾਰ ਸਾਗਰ ਸੇ (ਉਬਾਰ) ਬਚਾਇ ਲੇਹੁ । ਕਿਉਂਕਿ ਹਮ ਦੀਨ ਪਾਪੀ ਨਿਰਗੁਣ ਤੁਮਾਰੇ ਦਾਸ ਹੈਂ ॥
ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ ਹਰਿ ਦੈਆਲ ਸਰਣਾਇਆ ॥
ਤੂ ਦੁਖ ਭੰਜਨੁ ਸਰਬ ਸੁਖ ਦਾਤਾ ਹਮ ਪਾਥਰ ਤਰੇ ਤਰਾਇਆ ॥
ਹਰ ਪਾਪੀ ਨਿਰਗੁਣ ਤੁਮਾਰੇ ਦਾਸ ਹਾਂ ਔ ਹੇ ਦਿਆਲ ਹਰਿ ਤੇਰੀ ਸਰਣ ਮੇਂ ਹਮਾਰਾ ਮਨ ਆਇਆ ਹ। ਹੇ ਦੁਖ ਭੰਜਨ ਸਰਬ ਸੁਖ ਦਾਤਾ ਹਮ ਪਾਰਥ ਹੈਂ ਪਰੰਤੂ ਤੇਰੇ ਨਾਮ ਰੂਪ ਨੌਕਾ ਸੇ ਤਰਾਏ ਹੂਏ ਤਰੇ ਹਾਂ ਵਾ ਪੂਰਬ ਕਾਲ ਮੈਂ ਜੋ ਪਾਪੀ ਤਰੇ ਹੈਂ ਤੈਨੇ ਹੀ ਤਿਨਕੋ ਤਰਾਇਆ ਹੈ ॥
ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥
ਹੇ ਰਾਮ ਸਤਿਗੁਰੋਂ ਕੋ (ਭੇਟਿ)ਮਿਲ ਕਰਕੇ ਜਿਨੋਂ ਨੇ ਤੇਰੇ ਰਸ ਕੋ ਪਾਇਆ ਹੈ ਹੇ ਨਾਮੀ ਤਿਨੋਂ ਨੇ ਤੇਰੇ ਰਸ ਕੋ ਪ੍ਰਾਪਤਿ ਕਰਕੇ ਔਰ ਭੀ ਜੀਵ ਉਧਾਰੇ ਹੈਂ ॥
ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ ੪ ॥ ੪ ॥
ਹੇ ਹਰੀ ਕਿਰਪਾ ਧਾਰਨ ਕਰੋ ਔਰ ਕਿਰਪਾ ਕਰਕੇ ਸੰਸਾਰ ਕੇ ਦੁਖੋਂ ਸੇ ਬਚਾਇ ਲੇਵੋ ॥ ੪ ॥ ੪ ॥

ਵਡਹੰਸੁ ਮਹਲਾ ੪ ਘੋੜੀਆ ॥ ੧ ੐ ਸਤਿਗੁਰਪ੍ਰਸਾਦਿ ॥
ਜੈਸੇ ਬਿਆਹ ਮੇਂ ਇਸਤ੍ਰੀਆਂ ਘੋੜੀਆਂ ਨਾਮਕ ਗੀਤ ਗਾਉਤੀਆਂ ਹੈਂ ਉਸੀ ਪ੍ਰਕਾਰ ਹਰਿ ਰੂਪ ਬਰ ਕੇ ਸਾਥ ਮਿਲਾਪ ਹੋਣੇ ਕੇ ਸਮੇਂ ਸਤਿਗੁਰੂ ਜੀ ਸਬਦ ਕਥਨ ਕਰਤੇ ਹੈਂ ॥
ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥ ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
ਹੇ ਭਾਈ ਇਹ ਜੋ ਮਨੁਖ ਦੇਹੀ ਰੂਪ (ਤੇਜਣਿ) ਘੋੜੀ ਰਾਮ ਨੇ ਉਤਪੰਨ ਕਰੀ ਹੈ । ਇਹ ਮਾਨਸ ਜਨਮ ਕੀ ਦੇਹ ਧੰਨ ਹੈ ਔ ਪੁਨੋਂ ਸੇ ਪ੍ਰਾਪਤਿ ਹੂਈ ਹੈ ॥
ਮਾਣਸ ਜਨਮੁ ਵਡਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥

Digitized by Panjab Digital Library | www.panjabdigilib.org

ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥

ਇਹ ਮਾਨਸ ਜਨਮ ਬਡੇ ਪੁੰਨੋਂ ਕਰਕੇ ਪਾਇਆ ਹੈ ਕਿਉਂਕਿ ਇਸ ਜਨਮ ਮੇਂ ਦੇਹ ਸੋਨੇ ਸੇ ਭੀ ਚੰਗੀ ਭਾਵ ਅਮੋਲਕ ਹੈ ਜਬ ਗੁਰਮੁਖ ਹਰਿ ਹਰਿ ਨਾਮ ਰੂਪ ਨਵੇਂ ਰੰਗ ਮੇਂ ਇਸ ਦੇਹ ਕੋ ਰੰਗਤਾ ਅਰਥਾਤ ਭਗਤੀ ਕਰਤਾ ਹੈ ਤਬ (ਚਲੂਲਾ) ਸਘਨ ਰੰਗ ਅਰਥਾਤ ਆਤਮਾ ਨੰਦ ਕੋ ਪ੍ਰਾਪਤ ਹੋਤਾ ਹੈ ॥

ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥ ੧ ॥

ਏਹ ਦੇਹ (ਸੁ) ਸੁਸਟੂ (ਬਾਂਕੀ) ਸੁੰਦਰ ਭਾਵ ਸੁਭ ਗੁਨੋਂ ਵਾਲੀ ਹੈ ਜਿਸਮੇਂ ਹਰਿ (ਜਾਪੀ) ਜਾਨਾ ਜਾਤਾ ਵਾ ਜਪੀਤਾ ਹੈ ਤਾਂਤੇ ਸੋ ਦੇਹੀ ਹਰਿ ਹਰਿ ਨਾਮੀ ਕਰਕੇ ਸੁਭਾਇਮਾਨ ਹੈ। ਸ੍ਰੀ ਗੁਰੂ ਜੀ ਕਹਤੇ ਹੈਂ ਬਡੇ ਭਾਗੋਂ ਸੇ ਇਹ ਦੇਹੀ ਪਾਈ ਹੈ ਜਿਸਕਾ ਸਹਾਈ ਨਾਮ ਹੈ ਅਰਥਾਤ ਜਿਸ ਦੇਹ ਮੇਂ ਨਾਮ ਜਪਨੇ ਸੋਂ ਸਹਾਇਤਾ ਕਰਤਾ ਹੈ ਸੋ ਰਾਮ ਨੇ ਹੀ ਉਤਪੰਨ ਕਰੀ ਹੈ ॥ ੧ ॥

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥

ਰਾਮ ਕੋ ਚੰਗਾ ਬੂਝਨਾ ਇਹੀ ਦੇਹ ਘੋੜੀ ਕੇ ਊਪਰ ਜੀਨ ਪਾਓ ਜਿਸ ਪਰ ਚਢ ਕਰਕੇ ਬਿਖਮ ਜੋ (ਭੁਇਅੰਗਾ) ਸਰਪ ਭਾਵ ਕੁੰਡਲਾਕਾਰ ਸੰਸਾਰ ਹੈ ਤਿਸਕੋ ਲੰਘ ਜਾਊਂ ॥

ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥
ਹਰਿ ਬੋਹਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥

ਜਿਸ ਮੇਂ ਤ੍ਰਿਸ਼ਨਾ ਆਦੀ ਅਨੇਕ ਤਰੰਗ ਹੈਂ ਐਸਾ ਜੋ ਕਠਨ ਕੁੰਡਲਾਕਾਰ ਸੰਸਾਰ ਸਮੁੰਦਰ ਹੈ ਤਿਸ ਸੇ ਗੁਰਮੁਖ ਪਾਰ (ਲੰਘਾਏ) ਕੀਏ ਜਾਤੇ ਹੈਂ ਪਰੰਤੂ ਸੋ ਵਡੇ ਭਾਗੋਂ ਵਾਲੇ ਹਰਿਨਾਮ ਜਹਾਜ ਪਰ ਚਢ ਕਰਕੇ ਪਾਰ ਹੁਏ ਹੈਂ ਜੋ ਗੁਰੂ (ਖੇਵਟੁ) ਮਲਾਹ ਨੇ (ਸਬਦਿ) ਉਪਦੇਸ਼ ਦੇਕਰ ਪਾਰ ਕੀਏ ਹੈਂ ॥

ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥
ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ੨॥

ਰਾਤ ਦਿਨ ਹਰਿ ਕੇ ਪ੍ਰੇਮ ਮੇਂ ਹਰਿ ਕੇ ਗੁਣੋਂ ਕੋ ਗਾਇਨ ਕਰਤੇ ਹੈਂ ਔਰ (ਰੰਗੀ) ਆਨੰਦੀ ਹਰੀ ਮੇਂ ਜਿਨਕਾ ਮਨ ਹਰਿ ਪ੍ਰਕਾਰ ਸੇ ਰੰਗਾ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨ ਪੁਰਸੋਂ ਨੇ ਸਭ ਸੇ ਅਤੀ ਉਤਮ ਜੋ ਹਰਿ ਕਾ ਪਦ ਹੈ ਸੋ ਨਿਰਬਾਣ ਪਦ ਪਾਇਆ ਹੈ ॥ ੨ ॥

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ॥ਤਨਿ ਪ੍ਰੇਮੁ ਹਰਿ ਚਾਬਕੁਲਾਇਆਰਾਮ॥

ਜੋ ਕਹੈ ਕਿ ਇਸ ਦੇਹ ਘੋੜੀ ਕੀ ਲਗਾਮ ਕੌਨ ਹੈ। ਸੋ ਕਹਿਤੇ ਹੈਂ ਗੁਰੋਂ ਨੇ ਜੋ ਗਜਾਨ ਭਾਵ ਉਪਦੇਸ਼ ਦੀਆ ਹੈ ਸੋ ਏਸ ਦੇਹ ਰੂਪੀ ਘੋੜੀ ਕਾ ਲਗਾਮ ਹੈ ਅਰ ਹਰੀ ਮੈਂ ਜੋ ਪ੍ਰੇਮ ਹੈ ਸੋ ਘੋੜੀ ਕੇ ਸਰੀਰ ਮੇਂ ਚਾਬਕ ਲਗਾਇਆਹੈਭਾਵਮਾਰਯਾਹੈ॥

ਤਨਿ ਪ੍ਰੇਮ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥
ਅਘੜੁ ਘੜਾਵੈ ਸਬਦੁ ਪਾਵੈ ਅਪਿਓ ਹਰਿ ਰਸੁ ਪੀਤਿਆ ॥

ਇਸ ਪ੍ਰਕਾਰ ਹਰਿ ਪ੍ਰਕਾਰ ਸੋ ਹਰੀ ਕੇ ਪ੍ਰੇਮ ਰੂਪੀ ਚਾਬਕ ਕੋ ਲਗਾਇ ਕਰਕੇ ਗਜਾਨ ਰੂਪ ਲਗਾਮ ਪਕੜ ਕਰ ਗੁਰਮੁਖੋਂ ਨੇ ਮਨ ਕੋ ਜੀਤ ਕਰ ਜਨਮ ਮਰਨ ਕੋ ਜੀਤ ਲਿਆ ਹੈ ਅਰਥਾਤ ਮੁਕਤ ਹੁਆ ਹੈ ਜਬ (ਅਘੜੁ ਘੜਾਵੈ) ਅਸੁਧ ਮਨ ਕੋ ਸੁਧ ਕਰ ਲੇਵੈ ਤਬ (ਸਬਦੁ) ਬ੍ਰਹਮ ਕੋ ਪਾਉਤਾ ਹੈ ॥ ਔਰ ਹਰਿ ਰਸ(ਅਪਿਓ) ਅੰਮ੍ਰਿਤ ਕੋ ਪਾਨ ਕਰਤਾ ਹੈ ॥

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥ ੩ ॥

ਜੋ ਬਾਣੀ ਸਤਿਗੁਰੋਂ ਨੇ ਬਖਾਨ ਕਰੀ ਹੈ ਤਿਸਕੋ ਸ੍ਰਵਣੋਂ ਸੇ ਸੁਣ ਕਰਕੇ ਏਹੁ ਹਰ ਪ੍ਰਕਾਰ ਕਾ ਰੰਗ ਦੇਹਘੋੜੀਕੋ ਚੜਾਇਆ ਹੈ ॥ ਸ੍ਰੀ ਗੁਰੂ ਜੀ ਕਹਤੇ ਹੈਂ ਮਾਰਗੋਂ ਵਿਖੇ ਮਹਾਂ ਬਿਖੜਾ ਜੋਜਮਕਾਮਾਰਗਹੈਤਿਸਸੇਅਪਨੇਦਾਸੋਂਕੋਪਾਰਲੰਘਾਇਆਹੈ॥੩॥

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮੁ ॥
ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥

ਹੇ ਭਾਈ ਯਹ ਘੋੜੀ (ਤੇਜਣਿ) ਚਲਾਕ ਰਾਮ ਨੇ ਉਤਪੰਨ ਕਰੀ ਹੈ ਅਰਥਾਤ ਸਭ ਸਾਧਨੋਂ ਕੇ ਕਰਨੇ ਵਾਲੀ ਹੈ ॥ ਜਿਸ ਕਰਕੇ ਹਰਿ ਪ੍ਰਭੁ (ਜਾਪੈ) ਜਾਨਾ ਜਾਤਾ ਹੈ ਸੋ ਘੋੜੀ ਧੰਨ ਹੈ। ਕਿਸੀ ਦੇਸ ਮੈਂ ਘੋੜੀ ਕੋ ਤੁਖਾਈ ਕਹਤੇ ਹੈਂ ॥

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥
ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥

Digitized by Panjab Digital Library | www.panjabdigilib.org

ਜਿਸ ਦੇਹ ਕਰਕੇ ਹਰੀ ਪ੍ਰਭੂ ਕੋ ਜਾਣੀਤਾ ਹੈ ਵਹੁ ਧੰਨ ਔ ਸਾਬਾਸ ਕੇ ਜੋਗ ਹੈ। ਜਿਸ ਦੇਹ ਵਿਖੇ (ਜੁੜੰਦਾ) ਜੁੜਨੇ ਭਾਵ ਪਰਮੇਸਰ ਨੇ ਅਪਨੇ ਸਾਥ ਮਿਲਨੇ ਵਾਲਾ ਕਰਮ ਆਦ ਸੇ ਪਾਇਆ ਹੈ ਐਸੀ ਇਸ ਦੇਹ ਘੋੜੀ ਪਰ ਚਢ ਕਰਕੇ ਗੁਰਮੁਖ ਇਸ ਕਠਨ ਜਮ ਮਾਰਗ ਸੇ ਪਾਰ ਹੋਕਰ ਕੇ ਔਰੋਂ ਕੋ ਪਾਰ ਕਰਤੇ ਹੈਂ ਅਰ ਪਰਮਾਨੰਦ ਕੇ ਪ੍ਰਾਪਤਿ ਹੁਏ ਹੈਂ ॥

ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤਿ ਜਨਾ ਜੰਞ ਆਈ ॥
ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥ ੪ ॥ ੧ ॥ ਪ ॥

ਪੁਨਾ ਜੋਗ ਕੀ ਜੁਗਤ ਕਰਨੀ ਔ ਜੈਨ ਮਾਰਗ ਮੈਂ ਪ੍ਰਵਿਰਤਣੇ ਕਰ ਅਰਥਾਤ ਨਾਮ ਜਾਪ ਸੇ ਬਿਨਾ ਪਖੰਡ ਸਹਤ ਇਨ ਵਿਧੀਓਂ ਕੇ ਕਰਨੇ ਸੇ ਠਾਕਰ ਪਤੀਆਵਤਾ ਨਹੀਂ ਭਾਵ ਸੇ ਪ੍ਰਸਿੰਨ ਨਹੀਂ ਹੋਤਾ ਹੈ ॥ ੨ ॥

ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ ॥

ਨਾਮ ਅੰਮ੍ਰਿਤ ਅਰ ਅਮੋਲਕ ਹਰੀ ਕਾ ਜਸ ਸੋ ਤਿਸੀ ਨੇ ਪਾਇਆ ਹੈ ਜਿਸ ਪਰ ਸਤਿਗੁਰੋਂ ਕੀ (ਕਿਰਪੈਨ) ਐਨ ਕ੍ਰਿਪਾ ਭਾਵ ਅਤੀ ਕਿਰਪਾ ਭਈ ਹੈ ॥

ਸਾਧ ਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥ ੩ ॥ ੧੩ ॥

ਜਿਨੋਂ ਕੋ ਸੰਤੋਂ ਕੀ ਸੰਗਤ ਮੈਂ (ਰੰਗਿ) ਪ੍ਰੇਮ ਕਰਨੇ ਸੇ ਪ੍ਰਭੂ (ਭੇਟੇ) ਮਿਲੇ ਹੈਂ ਤਿਨੋਂ ਜਨੋਂ ਕੀ ਆਯੁ ਰੂਪੀ ਰਾਤ੍ਰੀ ਸੁਖ ਸਾਥ ਬੀਤਤੀ ਹੈ ॥ ੩ ॥ ੧੩ ॥ ਸ੍ਰੀ ਅਕਾਲ ਪੁਰਖ ਜੀ ਕੇ ਸਨਮੁਖ ਬੇਨਤੀ ਕਰਤੇ ਹੈਂ ॥

ਧਨਾਸਰੀ ਮਹਲਾ ੫ ॥ ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥

ਜੋ ਸੰਸਾਰੀ ਬੰਧਨੋਂ ਸੇ ਛੁਡਾਵੈ ਔ ਹੇ ਪ੍ਰਭੂ ਤੇਰੇ ਸਾਥ ਮੇਰੇ ਕੌ ਮਿਲਾਵੈ ਪੁਨਾ ਤੇਰੇ ਹਰਿ ਹਰਿ ਨਾਮ ਕੋ ਸੁਨਾਵੈ ॥

ਅਸਥਿਰੁ ਕਰੇ ਨਿਹਚਲੁ ਏਹੁ ਮਨੂਆ ਬਹੁਰਿ ਨ ਕਤਹੂ ਧਾਵੈ ॥ ੧ ॥

ਤਿਸੀ ਤੇਰੇ ਅਚਲ ਸਰੂਪ ਮੈਂ ਮੇਰੇ ਇਸ ਮਨ ਕੋ ਇਸਥਿਤ ਕਰੇ ਜਿਸਤੇ ਪੁਨਾ ਮੇਰਾ ਮਨ ਸੰਕਲਪ ਵਿਕਲਪ ਮੈਂ ਕਬੀ ਧਾਵੈ ਨਹੀਂ ॥ ੧ ॥

ਹੈ ਕੋਊ ਐਸੋ ਹਮਰਾ ਮੀਤੁ ॥ ਸਗਲ ਸਮਗ੍ਰੀ ਜੀਉ
ਹੀਉ ਦੇਉ ਅਰਪਉ ਅਪਨੋ ਚੀਤੁ ॥ ੧ ॥ ਰਹਾਉ ॥

ਹੇ ਵਾਹਿਗੁਰੂ ਤੁਮਾਰੇ ਉਪਦੇਸ਼ ਕਰਨੇ ਵਾਲੇ ਸਤਗੁਰੋਂ ਬਿਨਾ ਐਸਾ ਮਿਤ੍ਰ ਕੋਈ ਹੈ ਅਰਥਾਤਗੁਰੋਂਬਿਨਾਂਔਰਕੋਈਨਹੀਂਹੈ। ਤਿਸ ਮਿਤ੍ਰ ਕੋ ਸੰਪੂਰਣ ਸਮਗ੍ਰੀ ਔ ਅਪਨਾ ਜੀਵ ਔ ਰਿਦਾ ਦੇਵਉ ਔਰ ਅਪਨਾ ਚਿਤ ਭੀ ਅਰਪਨ ਕਰੋ। ਭਾਵ ਸੇ ਮਨ ਤਨ ਧਨ ਆਦੀ ਸਰਬੰਸ ਦੇ ਦੇਵੋ ॥

ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥

ਬਿਗਾਨਾ ਧਨ ਔ ਪਰ ਤਨ ਭਾਵ ਸੇ ਪਰ ਇਸਤ੍ਰੀ ਔਰ ਪਰਾਈ ਨਿੰਦਾ ਇਨ ਵਿਕਾਰੋਂ ਸਾਥ ਪੁਨਾ ਮੇਰੇ ਮਨ ਕੀ ਪ੍ਰੀਤੀ ਨਾ ਲਾਗੇ ॥

ਸੰਤਹ ਸੰਗੁ ਸੰਤ ਸਭਾਖਨੁ ਹਰਿ ਕੀਰਤਨਿ ਮਨੁ ਜਾਗੈ ॥ ੨ ॥

ਸੰਤੋਂ ਕਾ ਹੀ ਸੰਗ ਔਰ ਸੰਤੋਂ ਸਾਥ ਹੀ ਬੋਲਣਾ ਕਰਕੇ ਹੇ ਹਰੀ ਤੇਰੇ ਕੀਰਤਨ ਮੈਂ ਮੇਰਾ ਮਨ ਜਾਗਣਾ ਕਰੇ ॥ ੨ ॥

ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ ॥

ਤਾਂਤੇ ਹੇ ਗੁਣ ਨਿਧਾਨ ਦਿਆਲ ਪੁਰਖ ਪ੍ਰਭੂ ਹੇ ਦਿਆਲ ਸਰਬ ਸੁਖੋਂ ਕੇ ਦੇਣੇ ਵਾਲੇ ॥

Digitized by Panjab Digital Library | www.panjabdigilib.org

ਮਾਗੌ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ ॥ ੩ ॥ ੧੪ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਤੇਰੇ ਨਾਮ ਕਾ ਹੀ ਦਾਨ ਤੁਝਸੇ ਮਾਂਗਤਾ ਹੂੰ। ਹੇ ਗੁਪਾਲ ਜੈਸੇ ਮਾਤਾ ਬਾਲਕ ਕੋ ਦੂਧ ਦੇਤੀ ਵਾ ਜੈਸੇ ਮਾਤਾ ਸੇ ਬਾਲਕ ਦੂਧ ਮਾਂਗਤਾ ਹੈ ਤੈਸੇ ਮੈਂ ਮਾਂਗਤਾ ਹੂੰ ਭਾਵ ਸੇ ਮੇਰੇ ਕੋ ਨਾਮ ਦਾਨ ਦੇਵੋ ॥ ੩ ॥ ੧੪ ॥

ਭਾਈ ਪ੍ਰਿਥੀਏ ਨੇ ਈਰਖਾ ਕਰਕੇ ਅਨੇਕ ਉਪਦ੍ਰਵ ਉਠਾਏ ਨਿੰਦਾ ਕਰਤਾ ਰਹਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋ ਜਹਰ ਦੇਨਾ ਆਦਿ ਬਿਘਨ ਕੀਏ ਔ ਨਿੰਦਾ ਕਰੀ ਤਿਨਕੇ ਪ੍ਰਥਾਇ ਇਹੁ ਸ਼ਬਦ ਉਚਾਰਣ ਕਰਤੇ ਭਏ ਹੈਂ ॥

ਧਨਾਸਰੀ ਮਹਲਾ ੫ ॥ ਹਰਿ ਹਰਿ ਲੀਨੇ ਸੰਤ ਉਬਾਰਿ ॥

ਹੇ ਭਾਈ ਹਰੀ ਨੇ ਹਰ ਪ੍ਰਕਾਰ ਕਰ ਅਪਨੇ ਸੰਤ ਉਬਾਰ ਲੀਏ ਅਰਥਾਤ ਰਾਖ ਲੀਏ ਹੈਂ ॥

ਹਰਿ ਕੇ ਦਾਸ ਕੀ ਚਿਤਵੈ ਬੁਰਿਆਈ ਤਿਸਹੀ ਕਉ ਫਿਰਿ ਮਾਰਿ ॥ ੧ ॥ ਰਹਾਉ ॥

ਜੋ ਪੁਰਸ ਹਰੀ ਕੇ ਦਾਸੋਂਕੀਬੁਰਿਆਈ ਚਿਤਵਤਾ ਹੈਤਿਸੀ ਕੋ(ਫਿਰਿ)ਉਲਟ ਕਰ ਹਰੀ ਮਾਰਤਾਹੈ ਭਾਵ ਸੇ ਤਿਸੀ ਕਾ ਨਾਸ਼ ਹੋਤਾ ਹੈ ॥ ੧ ॥

ਜਨਕਾ ਆਪਿ ਸਹਾਈ ਹੋਆ ਨਿੰਦਕ ਭਾਗੇ ਹਾਰਿ ॥

ਅਪਨੇ ਦਾਸੋਂ ਕਾ ਆਪਹੀ ਕਰਤਾਰ ਸਹਾਈ ਹੋਆ ਹੈ ਨਿੰਦਕ ਹਾਰ ਕਰ ਅੰਮ੍ਰਿਤਸਰ ਜੀ ਸੇ ਭਾਗ ਗਏ ਹੈਂ ॥

ਭ੍ਰਮਤ ਭ੍ਰਮਤ ਊਹਾ ਹੀ ਮੂਏ ਬਾਹੁੜਿ ਗ੍ਰਿਹਿਨ ਮੰਝਾਰਿ ॥ ੧ ॥

ਨਿੰਦਕ ਭ੍ਰਮਤੇ(ਊਹਾ) ਹੇਹਰ ਨਾਮ ਗ੍ਰਾਮ ਮੈਂ ਪ੍ਰਿਥੀਆ ਅਰੁ ਮਿਹਰਵਾਨ ਆਦਿਕ ਮਰਗਏ ਪੁਨਾ ਘਰਿ ਅੰਮ੍ਰਿਤਸਰਜੀ ਮੈ ਅਪਨੇ ਨਿਜ ਅਸਥਾਨ ਮੈਂ ਨਾ ਪ੍ਰਾਪਤਿ ਭਏ ਵਾ ਜੋਨੋ ਮੈਂ ਭ੍ਰਮਤੇ ਮੂਏ ਪੁਨਾ ਸਰੂਪ ਘਰਮੈਂ ਨਾ ਪ੍ਰਾਪਤਿ ਹੂਏ ॥ ੧ ॥

ਨਾਨਕ ਸਰਣਿ ਪਰਿਓ ਦੁਖ ਭੰਜਨ ਗੁਣ ਗਾਵੈ ਸਦਾ ਅਪਾਰਿ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਦੁਖਭੰਜਨ ਮੈਂ ਦਾਸ ਤੇਰੀਸਰਨ ਪੜਾ ਹੂੰ ਔ ਮੇਰਾਮੁਖ ਤੇਰੇ ਅਪਾਰ ਗੁਣੋਂ ਕੋ ਸਦਾਗਾਵਤਾਹੈ॥

ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥ ੨ ॥ ੧੫ ॥

ਤਿਸੀ ਤੇ ਦੀਨ ਦੁਨੀਆ ਭਾਵ ਲੋਕ ਪ੍ਰਲੋਕ ਕੇ ਦਰਬਾਰ ਮੈਂ ਨਿੰਦਕ ਕਾ ਮੁਖ ਕਾਲਾ ਹੂਆ ਹੈ ਭਾਵ ਸੇ ਅਪਨੇ ਦਾਸੋਂ ਕੀ ਆਪ ਨੇ ਪੈਜ ਰਾਖੀ ਹੈ ॥ ੨ ॥ ੧੫ ॥

ਧਨਾਸਿਰੀ ਮਹਲਾ ੫ ॥ ਅਬ ਹਰਿ ਰਾਖਨਹਾਰੁ ਚਿਤਾਰਿਆ ॥

ਹੇ ਹਰੀ ਅਬ ਮੈਨੇ ਤੁਝ ਰਾਖਨਹਾਰੇ ਕੋ ਚਿਤਾਰਿਆ ਅਰਥਾਤ ਤੇਰਾ ਸਿਮਰਨ ਕੀਆ ਹੈ ॥

ਪਤਿਤ ਪੁਨੀਤ ਕੀਏ ਖਿਨ ਭੀਤਰਿ ਸਗਲਾ ਰੋਗੁ ਬਿਦਾਰਿਆ ॥ ੧ ॥ ਰਹਾਉ ॥

ਜਿਸ ਆਪਨੇ ਹਮ ਦਾਸ ਪਾਪੀਓਂ ਸੇ ਏਕ ਨਿਮਖ ਮੈਂ ਪਵਿਤ੍ਰ ਕਰ ਲੀਏਹੈਂ ਔਰ ਸੰਪੂਰਨ ਅਹੰ ਰੋਗ ਹਮਾਰਾ ਦੂਰਕੀਹੈ॥

ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥

ਆਪਕੇ ਸੰਤੋਂ ਕੇ ਸੰਗ ਮੈਂ ਮਿਲਕਰ ਹਮਾਰੀ (ਗੋਸਟਿ) ਚਰਚਾ ਭਈ ਹੈ ਤਿਸੀ ਕਰਕੇ ਕਾਮ ਕ੍ਰੋਧ ਲੋਭ ਆਦੀ ਵਿਕਾਰੋਂ ਕੇ ਸਮਦਾਯ ਕੋ ਹਮਨੇ ਮਾਰਿਆ ਹੈ ॥

ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥ ੧ ॥

ਹੇ ਪੂਰਨ ਨਾਰਾਇਣ ਤੁਝ ਕੋ ਮਨ ਤਨ ਸੇ ਸਿਮਰਨ ਕਰਕੇ ਸੰਪੂਰਨ ਅਪਨੇ ਸੰਗੀਓਂ ਕੋ ਭੀ ਤਾਰਿਆ ਹੈ ॥ ੧ ॥

ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥

ਔਖਧੀ ਔ ਮੰਤ੍ਰੋਂ ਕਾ ਮੂਲ ਏਕ ਤੁਝ ਹੀ ਕੋ ਮਨਨ ਕੀਆ ਹੈ ਔਰ ਮਨ ਵਿਖੇ ਹੇ ਪ੍ਰਭੂ ਤੇਰਾ ਹੀ (ਬਿਸ੍ਵਾਸੁ) ਨਿਸਚਾ ਧਾਰਨ ਕੀਆ ਹੈ ॥

ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥ ੨ ॥ ੧੬ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹਮ ਨਿਤ ਤੇਰੇਚਰਨੋਂਕੀ ਧੂੜੀ ਕੋ ਬਾਂਛਤੇ ਹੈਂ ਔਰ ਮਨ ਤਨ ਸੇ ਵਾਰੰਵਾਰ ਤੁਝ ਪਰ ਬਲਿਹਾਰਨੇ ਜਾਤੇ ਹੈਂ ॥ ੨ ॥ ੧੬ ॥

ਧਨਾਸਰੀ ਮਹਲਾ ੫ ॥ ਮੇਰਾ ਲਾਗੋ ਰਾਮ ਸਿਉ ਹੇਤੁ ॥

ਹੇ ਭਾਈ ਅਬ ਮੇਰਾ ਤਿਸ ਰਾਮ ਸਾਥ ਹੀ ਪ੍ਰੇਮ ਲਾਗਾ ਹੈ ॥

ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥ ੧ ॥ ਰਹਾਉ ॥

ਜਿਸ ਸੇ ਪ੍ਰੇਮੁ ਕਰਨੇ ਤੇ ਮੇਰਾਸਤਿਗੁਰ ਸਦਾਸਹਾਈਭਯਾਹੈ ਜਿਨੋਂਨੇ ਦੁਖੋਂਕਾ (ਕੇਤੁ)ਘਰ ਭਾਵ ਅਗਜਾਨ ਕਾਟ ਦੀਆ ਹੈ ॥

ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ ॥

ਅਪਨਾ ਦਾਸ ਕਰਕੇ ਹਾਥ ਦੇਕਰ ਮੁਝ ਕੋ ਰਾਖ ਲੀਆ ਹੈ ਔਰ ਸੰਪੂਰਨ ਜਨਮ ਮਰਨ ਕੀ (ਬਿਰਥਾ) ਪੀੜ ਮਿਟਾਇ ਦਈ ਹੈ ॥

Digitized by Panjab Digital Library | www.panjabdigilib.org

ਨਿੰਦਕ ਕੇ ਮੁਖ ਕਾਲੇ ਕੀਨੇ ਜਨਕਾ ਆਪਿ ਸਹਾਈ ॥ ੧ ॥

ਮੈਂ ਜਨਕਾ ਆਪ ਸਹਾਈ ਹੋਕਰ ਨਿੰਦਕੋਂ ਕੇ ਮੁਖ ਕਾਲੇ ਕੀਏ ਹੈਂ ॥ ੧ ॥

ਸਾਚਾ ਸਾਹਿਬੁ ਹੋਆ ਰਖਵਾਲਾ ਰਾਖਿ ਲੀਏ ਕੰਠਿ ਲਾਇ ॥

ਜਿਸਨੇ ਅਪਨੇ ਦਾਸ ਕੰਠ ਲਗਾਇਕਰ ਰਾਖਲੀਏਹੈਂ ਸੋ ਸਚਾ ਸਾਹਿਬ ਵਾਹਿਗੁਰੂ ਹਮਾਰਾ ਭੀ ਰਾਖਣੇ ਵਾਲਾ ਹੂਆ ਹੈ ॥

ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ ॥ ੨ ॥ ੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਹਰੀ ਕੇ ਗੁਣੋਂ ਕੋ ਗਾਇ ਕਰ ਹਮ ਨਿਰ ਭੈ ਭਏ ਹੈਂ ਔ ਸਦਾ ਸੁਖ ਮਾਣਤੇਅਰਥਾਤਭੋਗਤੇ ਹੈਂ ॥ ੨ ॥ ੧੭ ॥

ਧਨਾਸਿਰੀ ਮਹਲਾ ੫ ॥ ਸ੍ਰੀ ਅਕਾਲ ਪੁਰਖ ਜੀ ਕੇ ਸਨਮੁਖ ਬੇਨਤੀ ਕਰਤੇ ਹੈਂ ॥

ਅਉਖਧੁ ਤੇਰੋ ਨਾਮੁ ਦਇਆਲ ॥

ਹੇ ਦਿਆਲ ਰੂਪ ਤੇਰਾ ਨਾਮ ਹੀ ਮੁਝ ਕਉ ਅਉਖਧ ਰੂਪ ਹੈ ॥

ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ ਤੂੰ ਆਪਿ ਕਰਹਿ ਪ੍ਰਤਿਪਾਲ ॥ ੧ ॥ ਰਹਾਉ ॥

ਮੈਂ ਆਤਰ ਅਰਥਾਤ ਅਤਿ ਦੀਨ ਨੇ ਤੇਰੀ ਗਤੀ ਨਹੀਂ ਜਾਣੀ ਹੈ ਤੂੰ ਆਪ ਹੀ ਹਮਾਰੀ ਪ੍ਰਤਿਪਾਲਨਾ ਕਰਤਾ ਹੈਂ ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ ਦੁਤੀਆ ਭਾਉ ਨਿਵਾਰਿ ॥

ਤਾਂਤੇ ਹੇ ਮੇਰੇ ਸੁਆਮੀ ਮੁਝ ਪਰ ਅਪਨੀ ਕ੍ਰਿਪਾ ਧਾਰ ਕਰ ਦ੍ਵੈਤ ਭਾਵ ਕੋ ਨਿਵਾਰ ਭਾਵ ਸੇ ਦੂਰ ਕਰੋ ॥

ਬੰਧਨ ਕਾਟਿ ਲੇਹੁ ਅਪੁਨੇ ਕਰਿ ਕਬਹੂ ਨ ਆਵਹ ਹਾਰਿ ॥ ੧ ॥

ਜਬ ਬੰਧਨੋਂ ਕੋ ਕਾਟ ਕਰ ਹਮਕੋ ਅਪਨੇ ਦਾਸ ਕਰ ਲੇਵੋਗੇ ਤਬ ਹਮ ਕੋ ਕਬੀ ਹਾਰ ਨਹੀਂ ਆਵੈਗੀ ॥ ਭਾਵ ਸੇ ਜਨਮ ਸਫਲ ਹੋ ਜਾਏਗਾ ॥ ੧ ॥

ਤੇਰੀ ਸਰਨਿ ਪਇਆ ਹਉ ਜੀਵਾਂ ਤੂੰ ਸਮ੍ਰਥ ਪੁਰਖੁ ਮਿਹਰਵਾਨੁ ॥

ਤੇਰੀ ਸਰਣ ਪੜਾ ਹੂਆ ਮੈਂ ਜੀਵਤਾ ਹੂੰ ਕਿਉਂਕਿ ਤੂੰ ਸਮਰਥ ਮਿਹਰਵਾਨ ਪੁਰਖੁ ਹੈਂ ॥

ਆਠ ਪਹਰ ਪ੍ਰਭ ਕਉ ਆਰਾਧੀ ਨਾਨਕ ਸਦ ਕੁਰਬਾਨੁ ॥ ੨ ॥ ੧੮ ॥

ਹੇ ਪ੍ਰਭੂ ਆਠ ਪਹਰ ਮੈਂ ਅਬ ਤੇਰੇ ਕੋ ਅਰਾਧਨਾ ਕਰੂੰ ਸ੍ਰੀ ਗੁਰੂ ਜੀ ਕਹਤੇ ਹੈਂ ਪੁਨਾ ਤੁਝ ਪਰ ਮੈਂ ਸਦਾ ਕੁਰਬਾਨ ਜਾਤਾ ਹੂੰ ॥ ੨ ॥ ੧੮ ॥

ਰਾਗ ਧਨਾਸਰੀ ਮਹਲਾ ੫ ॥

ੴ ਸਤਿਗੁਰਪ੍ਰਸਾਦਿ ॥

ਹਾਹਾ ਪ੍ਰਭ ਰਾਖਿ ਲੇਹੁ ॥

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥

ਹਾ ਕਸ਼ਟ ਹਾ ਕਸ਼ਟ ਹੇ ਪ੍ਰਭੂ ਹਮ ਕੋ ਦੁਖੋਂ ਸੇ ਰਾਖ ਲੇਵੋ ॥ ਹੇ ਮੇਰੇ ਸੁਆਮੀ ਹਮਾਰੇ ਸੇ ਕੁਛ ਨਹੀਂ ਹੋ ਸਕਤਾ ਹੈ ਤਾਂਤੇ ਅਪਨੀ ਕ੍ਰਿਪਾ ਕਰਕੇ ਮੁਝਕੋ ਅਪਨਾ ਨਾਮ ਦਾਨ ਦੇਵੋ ॥

ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥ ੧ ॥

ਇਸਤ੍ਰੀ ਪੁਤ੍ ਆਦੀ ਕੁਟੰਬ ਰੂਪ ਅਗਨੀ ਸੰਯੁਕਤਿ ਜੋ ਇਹ ਸੰਸਾਰ ਸਮੁੰਦ੍ ਹੈ ॥ ਤਿਸ ਮੈਂ ਪੁਨਾ ਭ੍ਰਮ ਅਰਮੋਹਅਗਜਾਨ ਕਰਕੇ ਮੇਰੇ ਕੋ ਅੰਧੇਰਾ ਹੋ ਰਹਾ ਹੈ ॥ ੧ ॥

ਊਚ ਨੀਚ ਸੁਖ ਦੂਖ ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥ ੨ ॥

ਪੁਨਾ ਊਚ ਨੀਚਤਾ ਕਰਕੇ ਸੁਖ ਦੁਖ ਕਉ ਪ੍ਰਾਪਤਿ ਹੋਤਾ ਹੂੰ ਔਰ ਤ੍ਰਿਸਨਾ ਭੂਖ ਲਗਨੇ ਕਰਕੇ (ਧ੍ਰਾਪਸਿ) ਤ੍ਰਿਪਤ ਨਹੀਂ ਹੋਤਾ ਹੂੰ ॥ ੨ ॥

ਮਨਿ ਬਾਸਨਾ ਰਚਿ ਬਿਖੈ ਬਿਆਧਿ ॥ ਪੰਚ ਦੂਤ ਸੰਗਿ ਮਹਾ ਅਸਾਧ ॥ ੩ ॥

ਮੇਰੇ ਮਨ ਮੈਂ ਵਾਸਨਾ ਕਰਕੇ ਵਿਸਯ ਰੂਪ (ਬਿਆਧਿ) ਰੋਗ (ਰਚਿ) ਲਗ ਰਹਿਆ ਹੈ ਔਰ ਕਾਮ ਕ੍ਰੋਧ ਆਦੀ ਪਾਂਚ ਦੂਤ ਜੋ ਮਹਾਂ ਅਸਾਧ ਹੈਂ ਸੋ ਭੀ ਇਸ ਮਨ ਕੇ ਸਾਥ ਹੀ ਰਚੇ ਹੈਂ ॥ ੩ ॥

ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ ਨਾਨਕ ਜਾਨੁ ਸਦਾ ਹਰਿ ਨੇਰਾ ॥ ੪ ॥ ੧ ॥ ੧੯ ॥

ਇਸ ਜਗਤ ਮੈਂ ਜੀਅ ਔ ਪ੍ਰਾਨ ਧਨ ਆਦੀ ਜੋ ਮੇਰਾ ਹੈ ਸੋ ਸਭ ਤੇਰਾ ਹੀ ਦੀਆ ਹੂਆ ਹੈ ॥ ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਹਰੀ ਤੁਝਕੋ ਮੈਂ ਸਦਾ ਸਮੀਪ ਹੀ ਜਾਨਤਾ ਹੂੰ ॥ ਭਾਵ ਸੇ ਅੰਗ ਸੰਗ ਹੋ ॥ ੪ ॥ ੧॥ ੧੯ ॥

Digitized by Panjab Digital Library | www.panjabdigilib.org

ਧਨਾਸਰੀ ਮਹਲਾ ੫ ॥ ਉਪਦੇਸ਼ ਉਚਾਰਣ ਕਰਤੇ ਹੈਂ ॥
ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥
ਤ੍ਰਿਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥
ਵਹੁ ਠਾਕਰੁ ਦੀਨੋਂ ਕੇ ਦਰਦ ਕੋ ਨਿਵਾਰ ਕਰਕੇ ਤਿਨ ਅਪਨੇ ਜਨੋਂ ਕੀ ਆਪ ਹੀ ਰਾਖਤਾ ਹੈ ਸੰਸਾਰ ਸਮੁੰਦਰ ਕੇ ਤਾਰਨੇ ਕੋ ਜੋ ਹਰੀ ਕਾ ਨਾਮ (ਤਰਣ) ਜਹਾਜ ਵਤ ਹੈ ਔ ਸੁਖ ਦੇਨੇ ਕੋ ਨਿਧੀ ਭਾਵ ਧਨ ਰੂਪ ਹੈ ਤਿਸਕੇ ਜਾਪ ਤੇ ਕੋਈ ਦੁਖ ਵਿਆਪ ਨਹੀਂ ਸਕਤਾ ਹੈ ॥ ੧ ॥
ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ
ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥
ਹੇ ਭਾਈ ਸੰਤੋਂ ਕੀ ਸੰਗਤ ਮੈਂ ਮਿਲ ਕਰ ਗੋਪਾਲ ਕਾ ਹੀ (ਭਜਹੁ) ਸਿਮਰਨ ਕਰੋ ਔਰ ਜਪ ਤਪ ਆਦੀ ਸੰਜਮਇਸਸਮੈਂ ਮੈਂ ਕੋਈ ਸੂਝਤਾ ਨਹੀਂ ਹੈ ਤਾਂਤੇ ਨਾਮ ਕਾ ਜਾਪ ਰੂਪ ਜਤਨ ਕਰ ਕਲਯੁਗ ਕਾ ਸਮਾਂ ਬਿਤਾਵੋ ॥
ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥
ਆਦ ਸੇ ਲੇਕਰ ਅੰਤ ਪ੍ਰਯੰਤ ਵਾ ਤੀਨੋਂ ਕਾਲ ਮੈਂ ਵਹੁ ਦਿਆਲ ਪੂਰਨ ਰੂਪ ਹੈ ਤਿਸਤੇ ਬਿਨਾਂ ਔਰ ਕੋਈ ਨਹੀਂ ਹੈ ॥
ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥ ੨ ॥
ਹੇ ਭਾਈ ਸੋਈ ਸ੍ਵਾਮੀ ਸਿਮਰਨ ਕਰ ਤਿਸ ਹਰਿ ਕੇ ਨਾਮ ਜਾਪ ਤੇ ਜਨਮ ਮਰਨ ਕੌ ਨਿਵਾਰ ਲੇਹੁ ॥ ੨ ॥
ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥
ਮੁਕਤਿ ਪਾਈਐ ਸਾਧ ਸੰਗਤਿ ਬਿਨਸਿ ਜਾਇ ਅੰਧਾਰੁ ॥ ੩ ॥
ਜਿਸ ਵਾਹਿਗੁਰੂ ਕਾ ਜਸ ਬੇਦ ਔ ਸਿਮ੍ਰਤੀਆਂ ਛੇ ਸਾਸਤ੍ਰ ਕਥਨ ਕਰਤੇ ਹੈਂ ਔ ਜਿਸਕੇ ਸਰੂਪਕਾਭਗਤਵੀਚਾਰਕਰਤੇਹੈਂਜਬ ਸੰਤੋਂ ਕੀ ਸੰਗਤ ਦ੍ਵਾਰਾ ਤਿਸਕੇ ਗਿਆਨ ਕੋ ਪਾਈਏ ਤਬ ਅਗਜ਼ਾਨ ਅੰਧੇਰਾ ਬਿਨਸਜਾਤਾਹੈਔਰਮੁਕਤੀਪ੍ਰਾਪਤਹੋਤੀਹੈ॥੩॥
ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥
ਤਿਸਕੇ ਚਰਨ ਕਮਲ (ਜਨ) ਦਾਸੋਂ ਕਾ ਆਸਰਾ ਰੂਪ ਹੈ ਕਿਉਂਕਿ ਤਿਨਕੀ (ਰਾਸਿ) ਸਚੀ ਪੂੰਜੀ ਏਕ ਵਾਹਿਗੁਰੂ ਹੀ ਹੈ॥
ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥ ੪ ॥ ੨ ॥ ੨੦ ॥
ਜੋ ਅਕਾਲ ਪੁਰਖ ਅਪਨੇ ਦਾਸੋਂ ਕਾ ਮਾਣ ਔ (ਤਾਣੁ) ਬਲ (ਦੀਬਾਣੁ) ਆਸਰਾ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਦਾਸਕੀ ਭੀ ਏਕ ਸੋਈ ਪ੍ਰਭ ਟੇਕ ਅਰਥਾਤ ਆਸਰਾ ਹੈ ॥ ੪ ॥ ੨ ॥ ੨੦ ॥

ਧਨਾਸਰੀ ਮਹਲਾ ੫ ॥ ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥
ਅਨੇਕ ਜਨਮੋਂ ਮੈਂ ਭ੍ਰਮਤਿਆ ਭ੍ਰਮਤਿਆ ਜਬ ਮੈਨੂੰ ਸੰਤ ਜਨ ਮਿਲੇ ਤੌ ਪੂਰੇ ਗੁਰੋਂ ਨੇ ਸਮਝਾਯਾ ਹੈ ॥
ਆਨ ਸਗਲ ਬਿਧਿ ਕਾਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥ ੧ ॥
ਔਰ ਸੰਪੂਰਣ ਵਿਧੀ ਕਾਮ ਨਹੀਂ ਆਵੈਗੀ ਇਉਂ ਜਾਣ ਕਰ ਮੈਨੇ ਹਰਿ ਹਰਿ ਨਾਮ ਕੋ ਧਿਆਇਆ ਹੈ ॥ ੧ ॥
ਤਾਤੇ ਮੋਹਿ ਧਾਰੀ ਓਟ ਗੋਪਾਲ ॥ ਸਰਨਿ ਪਰਿਓ ਪੂਰਨ
ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥
ਤਾਂਤੇ ਮੈਨੇ ਅਬ ਗੋਪਾਲ ਕੀ ਓਟ ਧਾਰੀ ਹੈ ਜਬ ਪੂਰਨ ਪਰਮੇਸਰ ਕੀ ਸ਼ਰਣ ਪੜਾ ਹੂੰ ਤਬ ਮੇਰੇ ਸੰਪੂਰਣ (ਜੰਜਾਲ) ਅਨਰਥ ਬਿਨਸ ਗਏ ਹੈਂ ॥
ਸੁਰਗ ਮਿਰਤ ਪਇਆਲ ਭੂਮੰਡਲ ਸਗਲ ਬਿਆਪੇ ਮਾਇ ॥
ਸ੍ਵਰਗ ਔ (ਮਿਰਤ) ਜਮ ਲੋਕ ਮੈਂ ਔ (ਪਇਆਲ) ਪਤਾਲ (ਭੂਮੰਡਲ) ਪ੍ਰਿਥਵੀ ਮੰਡਲ ਆਦੀ ਸਰਬ ਅਸਥਾਨੋਂ ਮੈਂ ਮਾਇਆ ਬਿਆਪਤੀ ਹੈ ॥
ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥ ੨ ॥
ਤਿਸੀ ਤੇ ਜੀਵ ਕੇ ਉਧਾਰਨੇ ਕੋ ਔਰ ਸੰਪੂਰਨ ਕੁਲੋਂ ਕੇ ਤਾਰਨੇ ਕੌ ਏਕ ਹਰਿ ਹਰਿ ਨਾਮ ਕੌ ਹੀ ਧਿਆਇਆ ਹੈ ॥ ੨ ॥
ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥
ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਭਾਈ ਜਬ ਤਿਸ ਨਿਰੰਜਨ ਕੇ ਨਾਮ ਕੋ ਗਾਈਐ ਤਬ ਸਰਬ (ਨਿਧਾਨਾ) ਨਿਧੋਂ ਕਾ ਘਰ ਵਾਹਿਗੁਰੂ ਪਾਇ ਲੇਈਤਾ ਹੈ ॥
ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥ ੩ ॥ ੩ ॥ ੨੧ ॥

Digitized by Panjab Digital Library | www.panjabdigilib.org

ਪਰੰਤੂ ਜਿਸਕੋ ਵਹੁ ਸੁਆਮੀ ਅਪਨੀ ਕਿਰਪਾ ਕਰਕੇ ਨਾਮ ਦੇਤਾ ਹੈ ਤਿਸ ਕਿਸੀ ਵਿਰਲੇ ਹੀ ਨੇ ਤਿਸਕੇ ਸਰੂਪ ਕੋ ਜਾਣਆ ਹੈ ॥ ੩ ॥ ੩ ॥ ੨੧ ॥

ਧਨਾਸਰੀ ਮਹਲਾ ੫ ਘਰੁ ੨ ਚਉਪਦੇ ॥ ੧ ੴ ਸਤਿਗੁਰਪ੍ਰਸਾਦਿ ॥

ਉਪਦੇਸ਼ ਕਰਤੇ ਹੈਂ ॥

ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥

ਹੇ ਭਾਈ ਜੋ ਪਰਾਲੀ ਵਤ ਖਾਲੀ ਧੰਧੇ ਛੋਡ ਜਾਣੇ ਹੈਂ ਤਿਨੋਂ ਕੋ ਹੀ ਕਰਤੇ ਹੈਂ ਸੋ ਜੰਜਾਲ ਅੰਤ ਕੋ ਕਾਮ ਨਹੀਂ ਆਵੈਂਗੇ ॥

ਸੰਗਿ ਨ ਚਾਲਹਿ ਤਿਨ ਸਿਉ ਹੀਤ ॥ ਜੋ ਬੈਰਾਈ ਸੇਈ ਮੀਤ ॥ ੧ ॥

ਜੋ ਅੰਤ ਕੋ ਸਾਥ ਨਹੀਂ ਚਲੈਂਗੇ ਤਿਨੋਂ ਸਾਥ (ਹੀਤ) ਪ੍ਰੇਮ ਹੈ ਔਰ ਜੋ ਇਸਤ੍ਰੀ ਪੁਤ੍ਰ ਆਦੀ ਹਰੀ ਮਾਰਗ ਕੇ ਵਿਘਨ-ਕਾਰੀ ਇਸ ਜੀਵ ਕੇ ਸਤ੍ਰ ਹੈਂ ਸੋਈ ਇਸਨੇ ਮਿਤ੍ਰ ਜਾਣੇ ਹੈਂ ॥ ੧ ॥

ਐਸੇ ਭਰੰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥

ਹੇ ਵਾਹਿਗੁਰੂ ਇਸ ਪ੍ਰਕਾਰ ਜੋ ਜੀਵ ਭਰਮ ਕੇ ਬੀਚ ਪੜ ਕਰ ਸੰਸਾਰ ਮੈਂ ਭੂਲੇ ਹੂਏ ਹੈਂ ਤਿਨ ਗਵਾਰੋਂ ਨੇ ਜਨਮ ਪਦਾਰਥ ਕੋ ਖੋਇਆ ਹੈ ॥

ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥

ਸਚ ਔ ਧਰਮ ਤੋਂ ਇਸਕੋ ਦੇਖਨਾ ਨਹੀਂ ਭਾਵਤਾ ਹੈ ਝੂਠ ਔਰ (ਧੋ) ਛਲਕੇ ਸਾਥ ਮੀਠਾ ਜਾਨ ਕਰ ਰਚ ਰਹਿਆ ਹੈ ॥

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥ ੨ ॥

ਇਸ ਜੀਵ ਕੋ ਦਾਤਿ ਪਿਆਰੀ ਹੈ ਅਰ ਦਾਤਾਰ ਵਿਸਰ ਗਿਆ ਹੈਪੁਨਾ ਅਪਣੇ ਮਰਨੇ ਕੋ ਵਿਚਾਰਾ ਨਹੀਂ ਜਾਣਤਾਹੈ॥੨॥

ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਹੀ ਖੋਵੈ ॥

ਨਿਤ ਉਠ ਕਰ ਪਰਾਈ(ਵਸਤੁ) ਬਿਭੂਤੀ ਕੋ ਦੇਖ ਕੇ ਰੋਵਤਾ ਹੈ ਸੰਪੂਰਨ ਕਰਮ ਧਰਮ ਕੋ ਖੋਵਤਾ ਹੈ ॥

ਹੁਕਮੁ ਨ ਬੂਝੈ ਆਵਣ ਜਾਣੇ ॥ ਪਾਪ ਕਰੈ ਤਾ ਪਛੋਤਾਣੈ ॥ ੩ ॥

ਹੁਕਮ ਕੋ ਬੂਝਤਾ ਨਹੀਂ ਹੈ ਤਿਸੀ ਤੇ ਆਵਨ ਜਾਣੇ ਅਰਥਾਤ ਜਨਮ ਮਰਨ ਮੈ ਰਹਿਤਾ ਹੈ ਪਾਪੋਂਕੋ ਕਰਤਾ ਹੈ ਤਿਸੀ ਤੇ ਇਹ ਜੀਵ ਪਸਚਾਤਾਪ ਕਰਤਾ ਹੈ ॥ ੩ ॥ ਤਾਂਤੇ ਐਸੇ ਬੇਨਤੀ ਕਰੋ ॥

ਜੋ ਤੁਧੁ ਭਾਵੈ ਸੋ ਪਰਵਾਣੁ ॥ ਤੇਰੇ ਭਾਣੇ ਨੋ ਕੁਰਬਾਣੁ ॥

ਹੇ ਵਾਹਿਗੁਰੂ ਜੋ ਤੁਝ ਕੋ ਭਾਵੈ ਸੋਈ ਪਰਵਾਨ ਹੋਤਾ ਹੈ। ਤਾਂਤੇ ਤੇਰੇ ਭਾਣੇ ਕੋ ਮੈਂ ਕੁਰਬਾਨ ਜਾਤਾ ਹੂੰ ॥

ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥ ੪ ॥ ੧ ॥ ੨੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਜਨੁ ਗਰੀਬ ਤੇਰਾ(ਬੰਦਾ)ਦਾਸ ਹਾਂ ਹੇ ਮੇਰੇ ਸਾਮ੍ਰਥ ਮਾਲਕ ਤੂੰ ਮੇਰੇ ਕੋ ਸੰਸਾਰ ਦੁਖ ਸੇ ਬਚਾਇ ਲੈਹੁ ॥ ੪ ॥ ੧ ॥ ੨੨ ॥

ਧਨਾਸਰੀ ਮਹਲਾ ੫ ॥ ਮੋਹਿ ਮਸਕੀਨ ਪ੍ਰਭੁ ਨਾਮੁ ਅਧਾਰੁ ॥

ਖਾਟਣ ਕਉ ਹਰਿ ਹਰਿ ਰੋਜਗਾਰੁ ॥

ਤਾਂਤੇ ਮੈਂ(ਮਸਕੀਨ)ਗਰੀਬ ਕੋ ਪ੍ਰਭੂ ਕੇ ਨਾਮ ਕਾ ਹੀ ਆਸਰਾ ਹੈ। ਔ ਖਾਟਣੇ ਕੋ ਮੇਰਾ ਹਰਿ ਹਰਿ ਨਾਮ ਰੁਜਗਾਰ ਹੈ ॥

ਸੰਚਣ ਕਉ ਹਰਿ ਏਕੋ ਨਾਮੁ ॥ ਹਲਤਿ ਪਲਤਿ ਤਾਕੈ ਆਵੈ ਕਾਮ ॥ ੧ ॥

ਔਰ ਸੰਚਣ ਅਰਥਾਤ ਇਕਤ੍ਰ ਕਰਨੇ ਕੋ ਭੀ ਏਕ ਹਰੀ ਕਾ ਨਾਮ ਹੀ ਹੈ ਕਿਉਂਕਿ ਜੋ ਨਾਮ ਕੋ ਜਪਤਾ ਹੈ ਸੋ ਨਾਮ ਜਾਪ ਤਿਸਕੇ ਲੋਕ ਪ੍ਰਲੋਕ ਮੈਂ ਕਾਮ ਆਵੈ ਭਾਵ ਸਹਾਇਕ ਹੋਤਾ ਹੈ ॥ ੧ ॥

ਨਾਮਿ ਰਤੇ ਪ੍ਰਭ ਰੰਗਿ ਅਪਾਰ ॥ ਸਾਧ ਗਾਵਹਿ ਗੁਣ ਏਕ ਨਿਰੰਕਾਰ ॥ ਰਹਾਉ ॥

ਜੋ ਪ੍ਰਭੂ ਕੈ (ਰੰਗਿ) ਪ੍ਰੇਮ ਮੈਂ ਰਤੇ ਹੈਂ ਤਿਨਕੋ(ਅਪਾਰ) ਬੇਅੰਤ ਨਾਮੀ ਪ੍ਰਾਪਤਿ ਭਯਾ ਹੈ ਐਸੇ ਜਾਨਕੇ ਸਾਧੂ ਏਕ ਨਿਰੰਕਾਰ ਕੇ ਗੁਣ ਗਾਵਤੇ ਹੈਂ ॥

ਸਾਧ ਕੀ ਸੋਭਾ ਅਤਿ ਮਸਕੀਨੀ ॥ ਸੰਤ ਵਡਾਈ ਹਰਿ ਜਸੁ ਚੀਨੀ ॥

ਅਤੀ (ਮਸਕੀਨੀ) ਗਰੀਬੀ ਧਾਰਨੇ ਕਰ ਸੰਤੋਂ ਕੀ ਸੋਭਾ ਹੋਤੀ ਹੈ ਸੰਤੋਂ ਕੀ ਵਡਿਆਈ ਹਰੀ ਕੇ ਜਸ ਕਰਕੇ ਜਾਣੀ ਹੈ ॥

ਅਨੰਦੁ ਸੰਤਨ ਕੈ ਭਗਤਿ ਗੋਵਿੰਦ ॥ ਸੁਖ ਸੰਤਨ ਕੇ ਬਿਨਸੀ ਚਿੰਦ ॥

ਗੋਬਿੰਦ ਕੀ ਭਗਤੀ ਕਰਕੇ ਸੰਤੋਂ ਕੋ ਆਤਮ ਅਨੰਦ ਹੋਤਾ ਹੈ ਸੰਤੋਂ ਕੋ ਸੁਖ ਇਸੀ ਤੇ ਹੈ ਜੋ ਉਨ ਕੀ ਸਰਬ ਚਿੰਤਾ ਬਿਨਸ ਗਈ ਹੈ ॥ ੨ ॥

Digitized by Panjab Digital Library | www.panjabdigilib.org

ਜਹ ਸਾਧ ਸੰਤਨ ਹੋਵਹਿ ਇਕਤ੍ਰ ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥
ਜਹਾਂ (ਸਾਧ) ਸ੍ਰੇਸਟ (ਸੰਤਨ) ਸੰਤ ਬਹੁਤੇ ਇਕਤ੍ਰ ਹੋਤੇ ਹੈ ਤਹਾਂ (ਨਾਦ) ਵਾਜਿਓਂ ਕੇ ਸਾਥ ਕਬਿਤ ਧ੍ਰੁਵਤ ਆਦੀ ਕਰਕੇ ਹਰੀਕੇ ਜਸ ਕੋ ਗਾਵਤੇ ਹੈਂ ॥

ਸਾਧ ਸਭਾ ਮਹਿ ਅਨਦ ਬਿਸ੍ਰਾਮ ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥ ੩ ॥
ਜਿਸ ਕਿਸੀ ਕੋ ਅਨੰਦ ਮੈਂ (ਬਿਸ੍ਰਾਮ) ਇਸਥਿਤੀ ਹੋਈ ਹੈ ਸੋ ਸੰਤੋਂ ਕੀ ਸਭਾ ਮੈਂ ਸੇ ਹੀ ਹੋਈ ਹੈ ॥ ਉਨ ਸੰਤਨ ਕਾ ਸੰਗ ਸੋ ਪਾਵਤਾ ਹੈ ਜਿਸਕੇ ਮਸਤਕ ਮੈਂ ਉਤਮ ਲੇਖ ਲਿਖੇ ਹੋਵੈਂ ਭਾਵ ਵਡੇ ਕਰਮ ਕਰ ਪਾਈਤਾ ਹੈ ॥ ੩ ॥

ਦੋਇਕਰ ਜੋੜਿ ਕਰੀ ਅਰਦਾਸਿ ॥ ਚਰਨ ਪਖਾਰਿ ਕਹਾਂ ਗੁਣ ਤਾਸ ॥
ਦੋਨੋਂ ਹੀਥ ਜੋੜ ਕਰਕੇ ਤਿਨ ਸੰਤੋਂ ਪਾਸ ਅਰਦਾਸ ਕਰਤਾ ਹੂੰ ਔਰ ਤਿਨਕੇ ਚਰਨੋਂਕੋ ਧੋਇਕਰਕੇ (ਤਾਸ) ਤਿਸ ਸਤਿਸੰਗ ਕੇ ਗੁਣੋਂ ਕੋ ਉਚਾਰਨ ਕਰਤਾ ਹੂੰ ॥

ਪ੍ਰਭ ਦਇਆਲ ਕਿਰਪਾਲ ਹਜੂਰਿਂ ॥ ਨਾਨਕੁ ਜੀਵੈ ਸੰਤਾ ਧੂਰਿ ॥ ੪ ॥ ੨ ॥ ੨੩ ॥
ਤਿਨ ਸੰਤੋਂ ਕੋ ਦਿਆਲ ਪ੍ਰਭੂ ਪ੍ਰਤਖ ਅਰਥਾਤ ਸਾਖਜਾਤ ਹੈ ਔ ਸੁਭਾਵ ਜਿਨਕਾ ਕ੍ਰਿਪਾਲ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਤਿਨ ਸੰਤੋਂ ਕੀ ਚਰਨ ਧੂੜੀ ਪਾਇ ਕਰ ਜੀਵਤਾ ਹੂੰ ਭਾਵ ਸੇ ਤਿਨਕੀ ਧੂੜੀ ਚਾਹਤਾ ਹੂੰ ॥ ੪ ॥ ੨ ॥ ੨੩ ॥

ਧਨਾਸਰੀ ਮਃ ੫ ॥ ਸੋ ਕਤ ਡਰੈ ਜਿ ਖਸਮੁ ਸਮ੍ਹਾਰੈ ॥
ਜੋ ਪੁਰਸ ਅਪਨੇ(ਖਸਮੁ)ਵਾਹਿਗੁਰੂ ਕੋ ਸੰਮਾਲੈ ਅਰਥਾਤ ਸਿਮਰਨ ਕਰੈ ਸੋ ਕਿਉਂ ਡਰੈ ਵਾ ਕਥ ਡਰਤਾ ਹੈ ਭਾਵ ਜਮਆਦੀ ਭੈ ਕਰ ਨਹੀਂ ਡਰਤਾ ॥

ਡਰਿ ਡਰਿ ਪਚੇ ਮਨਮੁਖ ਵੇਚਾਰੇ ॥ ੧ ॥ ਰਹਾਉ ॥
ਮਨਮੁਖ ਵੀਚਾਰੇ ਡਰ ਡਰ ਕਰਕੇ ਨਰਕੋਂ ਕੀ ਅਗਨੀ ਮੈਂ (ਪਚੇ) ਜਲਤੇ ਹੈਂ ॥

ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾਕੀ ਨਿਰਮਲ ਸੇਵ ॥
ਜਿਸਕੇ ਸਿਰ ਪਰ ਮਾਤਾ ਪਿਤਾ ਰੂਪ ਰਖਜਕ ਗੁਰਦੇਵ ਹੈ ਜਿਨਕੀ ਮੂਰਤੀ ਸਫਲ ਔਰ ਸੇਵਾ ਭੀ ਨਿਰਮਲ ਹੈ ਵਾ ਉਜਲ ਕਰਤੀ ਹੈ ॥

ਏਕੁ ਨਿਰੰਜਨੁ ਜਾਕੀ ਰਾਸਿ ॥ ਮਿਲਿ ਸਾਧ ਸੰਗਤਿ ਹੋਵਤ ਪਰਗਾਸ ॥ ੧ ॥
ਏਕ ਨਿਰੰਜਨ ਹੀ ਜਿਨੋਂ ਕੀ (ਰਾਸਿ) ਪੂੰਜੀ ਹੈ ਤਿਨ ਸੰਤੋਂ ਕੇ ਸੰਗ ਮਿਲ ਕਰਕੇ ਗਿਆਨ ਹੋਤਾ ਹੈ ॥ ੧ ॥

ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥
ਜੋ ਜੀਵੋਂ ਕਾ ਦਾਤਾ ਵਾਹਿਗੁਰੂ ਸਰਬਅਸਥਾਨੋਂ ਮੈਂ ਪੂਰਨ ਹੈ ਤਿਸ ਹਰੀ ਕੇ ਨਾਮ ਜਪਣੇ ਤੇ ਕੋਟ ਕਲੇਸ ਮਿਟ ਜਾਤੇ ਹੈਂ ॥

ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾਕੈ ਮਨਿ ਤਨਿ ਬਾਸੈ ॥ ੨ ॥
ਜਿਨ ਗੁਰਮੁਖੋਂ ਕੇ ਮਨ ਤਨ ਮੈਂ ਵਾਹਿਗੁਰੂ ਵਸਤਾ ਹੈ ਤਿਨਕਾ ਜਨਮ ਮਰਨ ਰੂਪ ਸੰਪੂਰਨ ਦੁਖ ਨਾਸ ਹੋਜਾਤਾ ਹੈ ॥ ੨ ॥

ਜਿਸਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥
ਜਿਸਕੋ ਆਪ ਵਾਹਿਗੁਰੂ ਲੜ ਲਾਇ ਲੇਤਾ ਹੈ (ਦਰਗਹ) ਪ੍ਰਲੋਕ ਮੈਂ ਤਿਸੀ ਕੋ ਅਸਥਾਨ ਮਿਲਤਾ ਹੈ ॥

ਸੋਈ ਭਗਤ ਜਿ ਸਾਚੇ ਭਾਣੇ ॥ ਜਮ ਕਾਲ ਤੇ ਭਏ ਨਿਕਾਣੇ ॥ ੩ ॥
ਸੋਈ ਭਗਤ ਹੈਂ ਜੋ ਸਚੇ ਕੋ ਭਾਏ ਹੈਂ ਸੋਈ ਜਮ ਕਾਲ ਕੀ ਕਾਣ ਸੇ ਰਹਿਤ ਹੂਏ ਹੈਂ ॥ ੩ ॥

ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥
ਸਚਾ ਸੋ ਸਾਹਿਬੁ ਹੈ ਔਰ ਤਿਸਕਾ (ਦਰਬਾਰੁ)ਸਤਸੰਗ ਭੀ ਸਚਾ ਹੈ ਵੀਚਾਰ ਕਰਕੇ ਤਿਸਕੀ ਕੀਮਤ ਕੌਨ ਕਹਿ ਸਕਤਾ ਹੈ ਭਾਵ ਕੋਈ ਨਹੀਂ ਕਹਿ ਸਕਤਾ ॥

ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥ ੪ ॥ ੩ ॥ ੨੪ ॥
ਜੋ ਵਾਹਿਗੁਰੂ ਸੰਪੂਰਨ ਘਟੋਂ ਘਟੋਂ ਕੇ ਅੰਤਰ ਸਰਬ ਕਾ ਅਧਾਰ ਰੂਪ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਤਿਸ ਹਰੀ ਕੇ ਸੰਤੋਂ ਕੀ ਚਰਨ ਧੂੜੀ ਮਾਂਗਤਾ ਹੂੰ ॥ ੪ ॥ ੩ ॥ ੨੪ ॥

ਧਨਾਸਰੀ ਮਹਲਾ ੫ ॥ ੧ ੐ ਸਤਿਗੁਰਪ੍ਰਸਾਦਿ ॥ ਪ੍ਰਭੂ ਕੇ ਦਾਸੋਂ ਕਾ ਨਿਸਚਾ ਉਚਾਰਨ ਕਰਤੇ ਹੈਂ ॥

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥
ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥ ੧ ॥

Digitized by Panjab Digital Library | www.panjabdigilib.org

ਹੇ ਪ੍ਰਭ ਘਰ ਮੈਂ ਔ ਬਾਹਰ ਹਮ ਕੌ ਤੇਰਾ ਹੀ ਭਰੋਸਾ ਹੈ ਕਿਉਂਕਿ ਤੂੰ ਆਪਨੇ ਦਾਸੋਂ ਕੋ(ਸੰਗਿ) ਸਦਾ ਸਹਾਯਕ ਰਹਿਤਾ ਹੈਂ ॥ ਤਾਂਤੇ ਹੇ ਪ੍ਰਭੂ ਅਪਨੇ ਪ੍ਰੀਤਮ ਜਾਨਕੇ ਹਮ ਪਰ ਤੂੰ ਐਸੀ ਕ੍ਰਿਪਾ ਕਰ ਜਿਸਤੇ ਹੇ ਹਰੀ ਤੇਰੇ ਹਰਿ ਨਾਮ ਕੋ(ਰੰਗਿ) ਪ੍ਰੇਮ ਕਰਕੇ ਜਪੋਂ ॥ ੧ ॥

ਜਨ ਕਉ ਪ੍ਰਭ ਅਪਨੇ ਕਾ ਤਾਣੁ ॥ ਜੋ ਤੂ ਕਰਹਿ
ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ਰਹਾਉ॥

ਹਰੀ ਕੇ ਦਾਸੋਂ ਕੌ ਅਪਨੇ ਪ੍ਰਭੂ ਕਾ ਹੀ (ਤਾਣੁ) ਬਲ ਹੈ ਕਿਉਂਕਿ ਵਹੁ ਐਸੇ ਜਾਨਤੇ ਹੈਂ ਹੇ ਵਾਹਿਗੁਰੂ ਜੋ ਤੂੰ ਕਰਤਾ ਕਰਾਵਤਾ ਹੈਂ ਸੋਈ ਆਪ ਕੀ (ਮਸਲਤਿ) ਸਲਾਹ ਹਮਕੋ ਪਰਵਾਨ ਹੈ ॥

ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥

ਤਿਨ ਸੰਤੋਂ ਕੀ ਪਰਮੇਸ਼ਰ ਹੀ ਪਤ ਹੈ ਔਰ ਨਾਰਾਇਣ ਹੀ ਗਤੀ ਹੈ ਅਰ ਗੋਪਾਲ ਕੇ ਗੁਣੋਂ ਕੀਆਂ ਸਾਖੀਆਂ ਹੀ ਤਿਨ ਕਾ ਧਨ ਹੈ ॥

ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥ ੨ ॥ ੧ ॥ ੨੫ ॥

ਜਿਨ ਹਰੀ ਕੇ ਸੰਤੋਂ ਨੇ ਇਹ ਬਿਧ ਜਾਣੀ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਹਮ ਤਿਨਕੇ ਚਰਣੋਂ ਕੇ ਦਾਸ ਹੋਕਰ ਹਰ ਪ੍ਰਕਾਰ ਕਰ ਸ਼ਰਨ ਹੂਏ ਹੈਂ ॥ ੨ ॥ ੧ ॥ ੨੫ ॥

ਧਨਾਸਰੀ ਮਹਲਾ ੫ ॥ ਪੂਰਬੋਕਤ ਪ੍ਰਕਾਰ ਸੇ ਜਿਨੋਂ ਨੇ ਭਗਤੀ ਜਾਣੀ ਹੈ ਤਿਨੋਂ ਕੋ ਲਾਭ ਦਿਖਾਵਤੇ ਹੈਂ ॥

ਸਗਲ ਮਨੋਰਥ ਪ੍ਰਭ ਤੇ ਪਾਏ ਕੰਠਿ ਲਾਇ ਗੁਰਿ ਰਾਖੇ ॥

ਗੁਰਮੁਖੋਂ ਨੇ ਸੰਪੂਰਣ ਮਨੋਰਥ ਪ੍ਰਭੂ ਤੇ ਪਾਏ ਹੈਂ ਕਿਉਂਕਿ ਗੁਰੋਂ ਨੇ ਸੋ ਜਨ ਅਪਨੇ ਕੰਠ ਸਾਥ ਲਾਇ ਰਾਖੇ ਹੈਂ ॥

ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ ॥ ੧ ॥

ਪੁਨਾ ਸੋ ਜਨ ਸੰਸਾਰ ਸਮੁੰਦਰ ਮੈਂ ਸਤਿਗੁਰੋਂ ਨੇ ਜਲਨੇ ਨਹੀਂ ਦੀਏ ਹੈਂ ਔਰ ਕਿਸੀ ਨੇ ਤਿਨਕੌ(ਦੁਤਰੁ)ਕਠੋਰ ਵਚਨ ਨਹੀਂ ਕਹੇ ਹੈਂ ॥ ੧ ॥

ਜਿਨਕੈ ਮਨਿ ਸਾਚਾ ਬਿਸ੍ਵਾਸੁ ॥
ਪੇਖਿ ਪੇਖਿ ਸੁਆਮੀ ਕੀ ਸੋਭਾ ਆਨੰਦੁ ਸਦਾ ਉਲਾਸੁ ॥ ਰਹਾਉ ॥

ਜਿਨੋਂ ਕੇ ਮਨ ਮੈਂ ਸਚਾ ਭਰੋਸਾ ਹੈ ਵਹੁ ਸੰਤ ਜਨ ਤਿਸ ਸੁਆਮੀ ਕੀ ਸੋਭਾ ਕੋ ਦੇਖ ਦੇਖ ਕੇ ਸਦਾ ਅਨੰਦ ਸੋ (ਉਲਾਸੁ) ਉਤਸ਼ਾਹ ਸੰਯੁਕਤ ਰਹਿਤੇ ਹੈਂ ॥

ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ ॥

ਵਹੁ ਜਨ ਪੂਰਨ ਪਰਮੇਸਰ ਅੰਤਰਜਾਮੀ ਸਾਖੀ ਸਰੂਪ ਕੇ ਚਰਣੋਂ ਕੀ ਸ਼ਰਣ ਪੜੇ ਹੈਂ ॥

ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ ॥ ੨ ॥ ੨ ॥ ੨੬ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਵਾਹਿਗੁਰੂ ਨੇ ਤਿਨ ਜਨੋਂ ਕੋ ਜਾਨ ਬੂਝ ਕੇ ਅਪਨਾ ਦਾਸ ਕੀਆ ਹੈ ਔਰ ਤਿਨ ਭਗਤੋਂ ਕਾ ਹੀ ਹਰੀ ਨੇ (ਅੰਕੁਰੁ) ਪਖ ਵਾ ਗੁਣੋਂ ਕਾ ਅੰਕੁਰ ਵਾ ਵੰਸ ਰਾਖਿਆ ਹੈ ॥ ੨ ॥ ੨ ॥ ੨੬ ॥

ਧਨਾਸਰੀ ਮਹਲਾ ੫ ॥ ਨਿਜ ਮਨ ਪ੍ਰਥਾਇ ਉਪਦੇਸ਼ ਕਰਤੇ ਹੈਂ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥

ਹੇ ਮਨ ਜਹਾਂ ਜਹਾਂ ਤਿਸਕੋ ਦੇਖੀਏ ਤਹਾਂ ਹੀ ਹਾਜਰ ਹਜੂਰ ਦ੍ਰਿਸ਼ਟ ਆਵਤਾ ਹੈ ਕਭੀ ਦੂਰ ਕਿਤੇ ਭੀ ਨਹੀਂ ਜਾਤਾ ਹੈ ਭਾਵ ਸਦਾ ਹਰੀ ਅੰਗ ਸੰਗ ਰਹਿਤਾ ਹੈ ॥

ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥

ਪੁਨਾ ਜੋ ਸਰਬ ਅਸਥਾਨੋਂ ਮੈਂ ਵਿਆਪਕ ਹੋ ਰਹਿਆ ਹੈ ਹੇ ਮਨ ਤਿਸੀ ਕਾ ਸਦੀਵ ਧਿਆਵਣਾ ਕਰ ॥ ੧ ॥

ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ ਜਾਇ
ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥

ਹੇ ਮਨ ਜੋ ਇਸ ਲੋਕ ਪਰਲੋਕ ਮੈਂ ਕਬੀ ਵਿਛੜੇ ਨਹੀਂ ਅਰਥਾਤ ਜਿਸ ਵਾਹਿਗੁਰੂ ਕਾ ਕਬੀ ਵਿਯੋਗ ਨ ਹੋਵੈ ਸਦਾ ਅੰਗ-ਸੰਗ ਰਹੇ ਸੋਈ ਸਾਥੀ ਗਿਣੀਏ ਅਰਥਾਤ ਸੋਈ ਨਾਲ ਰਹਨੇ ਵਾਲਾ ਸਮਝੀਏ ਅਰੁ ਜੋ ਪਦਾਰਥ ਏਕ ਖਿਨਮੇਂ ਬਿਨਸ ਜਾਵੈ ਭਾਵ ਜਿਸ ਕਾ ਸੀਘ੍ਰ ਹੀ ਵਿਯੋਗ ਹੋਇ ਜਾਵੈ ਸੋ(ਅਲਪ)ਥੋੜੇ ਹੀ ਸੁਖ ਵਾਲਾ ਕਹੀਤਾ ਹੈ ॥ਸੋ ਵਾਹਿਗੁਰੂ ਕੈਸਾ ਹੈ ?

ਪ੍ਰਤਿਪਾਲੈ ਅਪਿਆਉ ਦੇਇ ਕਛ ਊਨ ਨ ਹੋਈ ॥

Digitized by Panjab Digital Library | www.panjabdigilib.org

ਜੋ ਵਾਹਿਗੁਰੂ (ਅਪਿਆਉ) ਭੋਜਨ ਆਦੀ ਦੇਕਰ ਪ੍ਰਤਪਾਲਾ ਕਰਤਾ ਹੈ ਪੁਨਾ ਜਿਸ ਕੇ ਕਥੀ (ਊਨ) ਕਮਤੀ ਨਹੀਂ ਹੋਤੀ ਭਾਵ ਜਿਸਕੇ ਭੰਡਾਰੇ ਸਦਾ ਭਰੇ ਰਹਿਤੇ ਹੈਂ ॥

ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ੨ ॥

ਜੋ ਸਮਰਥ ਪ੍ਰਭੂ ਮੇਰਾ ਸ੍ਵਾਮੀ ਹੈ ਸੋਈ ਜੀਵੋਂ ਕੋ ਸ੍ਵਾਸ ਸ੍ਵਾਸ ਸੰਮਾਲਤਾ ਹੈ ॥ ੨ ॥

ਅਛਲ ਅਛੇਦ ਅਪਾਰ ਪ੍ਰਭ ਊਚਾ ਜਾਕਾ ਰੂਪੁ ॥

ਅਛਲ ਔ ਅਛੇਦ (ਅਪਾਰ) ਬਿਅੰਤ ਪ੍ਰਭੂ ਹੈ ਜਿਸਕਾ ਸਰੂਪ ਵਡਾ ਉਚਾ ਹੈ ॥

ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥ ੩ ॥

ਤਿਸ ਅਨੂਪ ਅਸਚਰਜ ਸਰੂਪ ਕੋ ਤਿਸਕੇ (ਜਨ) ਦਾਸ ਮਨ ਬਾਣੀ ਸੇ ਜਪਕਰਕੇ ਅਨੰਦ ਕਰਤੇ ਹੈਂ ॥ ੩ ॥ ਹੇ ਜੀਵ ਤਿਸ ਪ੍ਰਮੇਸ੍ਵਰ ਕੇ ਆਗੇ ਐਸੇ ਬੇਨਤੀ ਕਰੁ ॥

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥

ਹੇ ਦਿਆਲ ਪ੍ਰਭੂ ਮੇਰੇ ਕੋ ਸੋਈ (ਮਤਿ) ਬੁਧੀ ਦੀਜੀਏ ਜਿਸ ਕਰਕੇ ਮੈਂ ਤੁਮਾਰਾ ਹੀ ਅਰਾਧਨ ਕਰੂੰ ॥

ਨਾਨਕ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥ ੪ ॥ ੩ ॥ ੨੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਆਪ ਸੇ ਹੇ ਪ੍ਰਭੂ ਹਮ ਇਹੀ ਦਾਨ ਮਾਂਗਤੇ ਹੈਂ ਕਿ ਤੇਰੇ ਸੰਤੋਂ ਕੇ ਚਰਨੋਂ ਕੀ ਧੂੜੀ ਮੇਰੇ ਕੋ ਪ੍ਰਾਪਤਿ ਹੋਵੈ ॥ ੪ ॥ ੨੭ ॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਜਿਸ ਸਮੇਂ ਮੈ ਪ੍ਰਿਥੀ ਚੰਦ ਕੇ ਵਿਰੋਧ ਕਰ ਸੁਲਹੀ ਕਾ ਆਗਮਨ ਸੁਨ ਸਾਹਿਬ ਬੁਢੇ ਜੀ ਕਾ ਬਚਨ ਸਤ ਕਰਨੇ ਹੇਤ ਸ੍ਰੀ ਅੰਮ੍ਰਤਸਰ ਜੀ ਸੇ ਤੀਨ ਕੋਸ ਥਡਾਲੀ ਮਂ ਜਾਇ ਨਿਵਾਸ ਕੀਆ ਹੈ ਊਹਾਂ ਹੀ ਸ੍ਰੀ ਗੁਰੂ ਹਰਿਗੋਬਿੰਦਸਾਹਿਬ ਜੀਕਾ ਅਵਤਾਰ ਭਯਾਹੈ ਤੀਨਬਰਸ ਤਹਾਂ ਰਹੇਹੈਂ ਪੁਨਾ ਜਬ ਉਪਦ੍ਰਵ ਮਿਟਗਿਆ ਤਬ ਸ੍ਰੀ ਅੰਮ੍ਰਿਤਸਰ ਜੀ ਮੈਂ ਆਇ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਪਰਥਾਇ ਇਹ ਸਬਦ ਉਚਾਰ ਕਰ ਬੁਲਾਇ ਲੇਤੇ ਭਏ ਸੋਈ ਕਹਿਤੇ ਹੈਂ॥

ਧਨਾਸਰੀ ਮਹਲਾ ੫ ॥

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥

ਜਿਸ ਹਰੀ ਨੇ ਤੁਮ ਬਾਹਿਰ ਵਡਾਲੀ ਮੇਂ ਭੇਜੇ ਥੇ ਤਿਸੀ ਨੇ ਅਬ ਈਹਾਂ ਬੁਲਾਏ ਹੈਂ ਸੁਖ ਸਾਂਤੀ ਸਹਤ ਅਬ ਅਪਨੇ ਘਰ ਸ੍ਰੀ ਅੰਮ੍ਰਤਸਰ ਮੈਂ ਆਵੋ ॥

ਅਨਦ ਮੰਗਲ ਗੁਣ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥ ੧ ॥

ਅਨੰਦ ਮੰਗਲ ਰੂਪ ਵਾਹਿਗੁਰੂਕੇ ਗੁਣੋਂ ਕੋ ਸਾਂਤੀ ਪੂਰਬਕ ਗਾਇਨ ਕਰੋ ਔਰ ਗੁਰਿਆਈ ਕੇ ਤਖਤ ਪਰ ਇਸਥਿਤ ਹੋਕਰ ਅਚਲ ਰਾਜ ਕੋ ਕਮਾਵੋਗੇ ॥ ੧ ॥

ਤੁਮ ਘਰਿਆਵਹੁ ਮੇਰੇ ਮੀਤ॥ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾਭਈ ਬਿਤੀਤ॥ਰਹਾਉ॥

ਹੇ ਮੇਰੇ ਮਿਤ੍ਰ ਰੂਪ ਵਾਹਿਗੁਰੂ ਕੀ ਅੰਸ ਤੁਮ ਘਰ ਮੈਂ ਆਵੋ । ਤੁਮਾਰੇ ਦੋਖੀ ਹਰੀ ਨੇ ਆਪ ਹੀ(ਨਿਵਾਰੇ)ਦੂਰ ਕਰਦੀਏ ਹੈਂ ਔਰ ਸਭ ਅਪਦਾ ਭੀ ਬਤੀਤ ਭਈ ਹੈ ॥

ਪ੍ਰਗਟ ਕੀਨੇ ਪ੍ਰਭ ਕਰਨੇ ਹਾਰੇ ਨਾਸਨ ਭਾਜਨ ਥਾਕੇ ॥

ਕਰਨ ਹਾਰ ਪ੍ਰਭੂ ਨੇ ਹਮ ਪ੍ਰਗਟ ਕੀਏ ਹਾਂ ਅਰ ਨਸਣਾ ਭਜਨਾ ਆਦਿ ਕਲੇਸ ਥਕਤ ਹੂਏ ਅਰਥਾਤ ਦੂਰ ਭਏ ਹੈਂ॥(ਨਸਨਾ) ਚੋਰੀ ਚਲੇ ਜਾਣਾ ਅਰ (ਭਜਨਾ) ਵੇਖਦੇ ਹੀ ਦੌੜ ਜਾਣਾ ਦੋ ਪਦ ਕਰ ਅਤੀ ਚਲੇ ਫਿਰਤੇ ਥੇ ॥

ਘਰਿ ਮੰਗਲ ਵਾਜਹਿ ਨਿਤ ਵਾਜੇ ਅਪਨੈ ਖਸਮਿ ਨਿਵਾਜੇ ॥ ੨ ॥

ਅਬ ਘਰਮੈਂ ਨਿਤ ਹੀ ਮੰਗਲ ਕੇ ਵਾਜੇ ਬਾਜਤੇ ਹੈਂ ਕਿਉਂਕਿ ਅਪਨੇ(ਖਸਮਿ)ਅਕਾਲ ਪੁਰਖਨੇ ਹਮ(ਨਿਵਾਜੇ)ਵਡਜਾਏਹਾਂ॥੨॥

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥

ਸਤਿਗੁਰੋਂ ਕੇ ਬਚਨੋਂ ਕੇ ਆਸਰੇ ਹੋਕਰ ਸਦਾ ਇਸਥਿਤ ਰਹੋ (ਮਤ) ਕਬੀ ਭੁਲਾਇਵਾਨ ਨ ਹੋਵੋ ॥

ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥ ੩ ॥

ਸੰਪੁਰਨ ਪ੍ਰਿਥਵੀ ਮੰਡਲ ਮੈਂ ਤੁਮਾਰਾ ਜੈ ਜੈ ਕਾਰ ਭਯਾ ਹੈ ਔਰ ਦਰਬਾਰ ਮੈਂ ਮੁਖ ਊਜਲ ਹੈ ॥ ੩ ॥

ਜਿਨਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥

ਜਿਸ ਵਾਹਿਗੁਰੂ ਕੇ ਇਹ ਜੀਵ ਸੁਲਹੀ ਆਦਿਕ ਥੇ ਤਿਸਨੇ ਆਪ ਹੀ ਇਥੋਂ (ਫੇਰੇ) ਮੋੜ ਦੀਏ ਹੈਂ ਵਾ ਹਮ ਜਿਸਕੇ ਜੀਵ ਹਾਂ ਤਿਸੀ ਨੇ ਮੋੜ ਲੀਏ ਹਾਂ ਔਰ ਆਪ ਹੀ ਹਮਾਰਾ ਸਹਾਈ ਭਯਾ ਹੈ ॥

ਅਚਰਜੁ ਕੀਆ ਕਰਨੈ ਹਾਰੈ ਨਾਨਕ ਸਚੁ ਵਡਿਆਈ ॥ ੪ ॥ ੪ ॥ ੨੮ ॥

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਕਰਨਹਾਰ ਵਾਹਿਗੁਰੂ ਨੇ ਅਸਚਰਜ ਕੀਆ ਹੈ ਹਮਕੋ ਸਚੀ ਵਡਿਆਈ ਦਈਹੈ ਵਾਤਿਸਕੀ ਵਡਿਆਈ ਸਚੀ ਹੈ ॥ ਵਾ ਜਗਜਾਸੀ ਪ੍ਰਤੀ ਅਨੰਦ ਕਰ ਲਾਭ ਉਚਾਰਨ ਕਰਤੇ ਹੈਂ ॥ਹੇਮੇਰੇਮਿਤ੍ਰਸੰਤਜਨਵਾ ਜਗਜਾਸੀਓ ਅਪਨੇ ਸਰੂਪ ਘਰ ਮੈਂ ਆਵੋ ਤੁਮਾਰੇ ਦੋਖੀ ਕਾਮ ਕ੍ਰੋਧ ਆਦੀ ਸਤਿਗੁਰੋਂ ਨੇ ਨਿਵਾਰੇ ਹੈਂ ਇਸੀ ਤੇ ਜਨਮ ਮਰਨ ਰੂਪੀ ਅਪਦਾ ਤੁਮਾਰੀ ਬਿਤੀਤ ਭਈ ਹੈ ॥ ਜਿਸ ਹਰੀ ਨੇ ਤੁਮ ਸੰਸਾਰ ਮੈਂ ਭੇਜੇ ਥੇ ਤਿਸੀਨੇ ਗੁਰੋਂ ਦ੍ਵਾਰੇ ਤੁਮ ਬੁਲਾਏਹੋ ਗਿਆਨ ਸੁਖ ਸੰਯੁਕਤ ਹੋਕਰ ਅਪਨੇ ਸਰੂਪ ਘਰ ਮੈਂ ਆਵੋ ਅਨੰਦ ਮੰਗਲ ਰੂਪ ਵਾਹਿਗੁਰੂ ਕੇ ਸੁਧ ਸਾਂਤੀ ਧੁਨ ਸੇ ਗੁਣ ਗਾਇਕਰ ਅਚਲ ਰਾਜ ਕਮਾਓ ॥ ਭਾਵ ਅਗਿੜ ਪਦ ਮੈਂ ਇਸਥਿਤ ਹੋਵੋ ਕਰਨੇਹਾਰ ਸਤਿਗੁਰੋਂ ਨੇ ਤੁਮ ਪ੍ਰਗਟ ਕਰ ਦੀਏ ਹੈਂ ਅਬ ਨਾ ਤੁਮਾਰਾ ਨਾਸ ਹੋਇਗਾ ਨਾ ਭਾਜੋਗੇ ਨਾ ਜੋਨੀਓਂ ਮੈਂ ਥਕਤ ਹੋਵੋਗੇ ਵਾ ਜੋ (ਨਾਸਨ) ਨਾਸਤਾ ਕਾ (ਭਾਜਨ)ਪਾਤ੍ਰ ਦੋਖ ਸੇ ਸੋ ਅਬ ਥਾਕੇ ਹੈਂ ਭਾਵ ਦੂਰ ਭਏ ਹੈਂ ਅਬ ਮੰਗਲ ਰੂਪ ਸਰੂਪ ਘਰ ਮੈਂ ਪ੍ਰਾਪਤਿ ਹੋਨੇ ਸੇ ਨਿਤ ਅਨਾਹਦ ਸਬਦਕੇਬਾਜੇ ਬਜਤੇ ਹੈਂ ਅਪਨੇ(ਖਸਮਿ)ਵਾਹਿਗੁਰੂ ਨੇ ਤੁਮ ਨਿਵਾਜੇਹੋ ਅਬ ਗੁਰ ਬਚਨੋਂ ਕੇ ਆਸ੍ਰਤ ਹੋਕਰ ਸਰੂਪਮੈਂਇਸਥਿਤਰਹੋ ਕਬੀ ਭੁਲਾਇਵਾਨ ਨਾ ਹੋਵੋ ॥ ਸੰਪੂਰਨ ਪ੍ਰਿਥਵੀ ਮੰਡਲ ਮੈਂ ਤੁਮਾਰਾ ਜੈ ਜੈ ਕਾਰ ਭਯਾ ਹੈ ਔਰ ਸਤਸੰਗ ਰੂਪੀ ਦਰਬਾਰ ਮੈਮੁਖ ਉਜਲ ਭਯਾ ਹੈ ॥ ਜਿਸਕੇ ਤੁਮ ਜੀਵ ਕੀਏ ਹੁਏ ਥੇ ਤਿਸਨੇ ਸੰਸਾਰ ਕੀ ਤਰਫੋਂ ਮੁਖ ਫੇਰੇ ਉਲਟਾਇ ਲੀਏ ਹੈਂਔਰ ਆਪੇ ਹੀ ਸਹਾਈ ਭਯਾ ਹੈ ਤਿਸ ਕਰਨਹਾਰ ਸਤਿਗੁਰੋਂ ਨੇ ਤੁਮਕੋ ਅਸਚਰਜ ਰੂਪ ਕਰ ਦੀਆ ਭਾਵ ਜੀਵਕੋਈਸ੍ਵਰਸਾਥਅਭੇਦ ਕਰ ਦੀਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਇਹੀ ਸਤਿਗੁਰੋਂ ਕੀ ਸਚੀ ਵਡਿਆਈ ਹੈ ॥ ੪ ॥ ੪ ॥ ੨੮ ॥

ਪ੍ਰੇਮ ਕਰ ਸੰਤੋਂ ਕੋ ਉਪਦੇਸ਼ਕਰਤੇਹੈਂ॥

ਧਨਾਸਰੀ ਮਹਲਾ ੫ ਘਰ ੬ ॥ ੧ ੴ ਸਤਿਗੁਰਪ੍ਰਸਾਦਿ ॥

ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ ॥ ਹਰਿ ਬਿਨੁ ਮੁਕਤਿ ਨ ਕਾਹੂ ਜੀਉ ॥ ਰਹਾਉ ॥

ਹੇ ਸੰਤ੍ਜਨੋਂ ਪਿਆਰਿਓ ਹਮਾਰੇ ਬੇਨਤੀ ਕੇ ਬਚਨ (ਜੀਉ) ਚਿਤ ਲਾਇ ਕਰ ਸ੍ਵਨ ਕਰੋ ਜੀ ਹਰੀ ਕੇਨਾਮਬਿਨਾ (ਕਾਹੂ) ਕਿਤੇ ਬੀ ਕਿਸੀ ਜੀਵ ਕੀ ਮੁਕਤ ਨਹੀਂ ਹੋਤੀ ਹੈ ॥

ਮਨ ਨਿਰਮਲ ਕਰਮ ਕਰਿ॥ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ॥

ਜਿਨ ਨਿਸਕਾਮ ਕਰਮ ਕਰਨੇ ਤੇ ਮਨ ਨਿਰਮਲ ਹੋਵੈ ਸੋ ਕਰ ਔ ਸੰਸਾਰ ਸੇ ਤਾਰਨੇ ਕੋ (ਤਰਨ) ਜਹਾਜ ਰੂਪੀ ਹਰੀਹੈ ਤਾਂਤੇ ਇਸ ਜੀਵ ਕੇ ਔਰ ਜੰਜਾਲ ਕਿਸੀ ਕਾਮ ਨਹੀਂ ਹੈ ॥

ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋਕਉ ਗੁਰਿ ਦੀਨਾ ਜੀਉ ॥ ੧ ॥

ਸਰਬ ਕਾ ਜੀਵਨ ਔ (ਦੇਵਾ) ਪ੍ਰਕਾਸ਼ ਰੂਪ ਜੋ ਪਾਰਬ੍ਰਹਮ ਹੈ ਤਿਸਕੀ ਸੇਵਾ ਕਰਨੀ ਜੋਗ ਹੈ ਇਹੀ ਉਪਦੇਸ਼ ਮੇਰੇ ਕੋ ਸਤਿਗੁਰੋਂ ਨੇ ਦੀਆ ਹੈ ਜੀ ॥ ੧ ॥

ਤਿਸੁ ਸਿਉ ਨ ਲਾਈਐ ਹੀਤੁ ॥ ਜਾਕੋ ਕਿਛੁ ਨਾਹੀ
ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ ॥

ਤਿਸਕੇ ਸਾਥ (ਹੀਤੁ) ਪ੍ਰੇਮ ਨ ਲਗਾਈਏ ਜਿਸਕਾ ਕੁਛ (ਬੀਤੁ) ਬਲ ਵਾ ਅਕਾਰ ਨਾ ਹੋਵੇ ਭਾਵ ਨਾਸੀ ਹੋਵੇ ਕਿਉਂਕਿ ਵਹੁ ਅੰਤ ਕੇ ਸਮੇਂ ਸਾਥ ਨਹੀਂ ਚਲਤਾ ਹੈ ॥

ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ ਜਾਕੈ ਸੰਗਿ ਤੇਰੇ ਬੰਧਨ ਛੂਟੈ ॥ ੨ ॥

ਤਾਤੇ ਹੇ ਹਰੀ ਕੇ ਪ੍ਰੀਤਮ ਸੰਤ ਜਨ ਮਨ ਮੈਂ ਤੂੰ ਤਿਸੀਕਾ ਅਰਾਧਨਾ ਕਰ ਜਿਸਕੇ ਸਾਥ ਹੋਨੇ ਸੇ ਤੇਰੇ ਜਨਮ ਮਰਣ ਬੰਧਨ ਛੂਟ ਜਾਵੈ ॥ ੨ ॥

ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ ਅਵਰ ਆਸ ਕਛੁ ਪਟਲੁ ਨ ਕੀਜੈ ॥

ਤਿਸ ਪਾਰਬ੍ਰਹਮ ਕੇ ਚਰਣ ਕਮਲੋਂ ਕੀ ਹਿਰਦੇ ਮੈਂ ਸਰਨ ਗ੍ਰਹਣ ਕਰ ਔਰ ਜੋ ਕੁਛ (ਪਟਲੁ) ਪੜਦਾ ਰੂਪ ਆਸਾ ਗਿਆਨ ਕੋ ਕਾਢਨੇ ਵਾਲੀ ਹੈ ਤਿਨਕੋ ਨਾ ਕਰ ॥

ਸੋਈ ਕਰਤੁ ਗਿਆਨੀ ਧਿਆਨੀ ਤਪਾ ਸੋਈ
ਨਾਨਕ ਸਾਕਉ ਕਿਰਪਾ ਕੀਜੈ ॥ ੩ ॥ ੧ ॥ ੨੯ ॥

ਸੋਈ ਭਗਤ ਹੈ ਔਰ ਸੋਈ ਗਿਆਨੀ ਧਿਆਨੀ (ਤਪਾ) ਤਪ ਕਰਨੇ ਵਾਲਾ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਪਰ ਵਾਹਿਗੁਰੂ ਕਿਰਪਾ ਕਰਤਾ ਹੈ ॥ ੩ ॥ ੧ ॥ ੨੯ ॥ ਵਈਰਾਗ ਜਨਕ ਉਪਦੇਸ਼ ਕਰਤੇ ਹੈਂ ॥

ਧਨਾਸਰੀ ਮਹਲਾ ੫ ॥

ਮੇਰੇ ਲਾਲ ਭਲੋਰੇ ਭਲੋਰੇ ਭਲੋ ਹਰਿ ਮੰਗਨਾ ॥

ਹੇ ਮੇਰੇ ਭਾਈ ਪਿਆਰੇ ਮਨ ਤਨ ਬਾਣੀਕਰਕੇਸੰਤੋਂ ਸੇ ਹਰੀਕਾਮਾਂਗਣਾ ਹੀ ਭਲਾ ਹੈ ॥

Digitized by Panjab Digital Library | www.panjabdigilib.org

ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ ਪ੍ਰਾਨ
ਪਤਿ ਚਿਤਿ ਰਾਖੁ ਸਗਲ ਹੈ ਮਰਨਾ ॥ ਰਹਾਉ ॥

ਨੇਤ੍ਰੋਂ ਕੋ ਪਸਾਰ ਕਰਕੇ ਦੇਖੋ ਭਾਵ ਬਿਚਾਰ ਦੁਆਰਾ ਦੇਖੋ ਵਾ ਇਹ ਜੋ ਪਸਾਰਾ ਨੇਤ੍ਰੋਂ ਸੇ ਦੇਖ ਰਹੇ ਹੋ ਸੋ ਸੰਪੂਰਨ ਨੇ ਮਰਨਾ ਭਾਵ ਨਾਸ ਹੋਜਾਣਾ ਹੈ ਤਾਂਤੇ ਸੰਤੋਂ ਕੇ ਬਚਨੋਂ ਕੋ ਸੁਣੋ ਔਰ (ਪ੍ਰਾਨ ਪਤਿ) ਵਾਹਿਗੁਰੂ ਕੋ ਚਿਤ ਮੈਂ ਰਾਖੋ ॥

ਚੰਦਨ ਚੋਆ ਰਸ ਭੋਗ ਕਰਤ ਅਨੇਕੈ ਬਿਖਿਆ ਬਿਕਾਰ ਦੇਖੁ ਸਗਲ
ਹੈ ਫੀਕੇ ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ ॥

ਇਹ ਜੋ ਚੰਦਨ ਚੋਆ ਆਦੀ ਰਸੋਂ ਸਾਥ ਅਨੇਕ ਭੋਗੋਂ ਕੋ ਜੀਵ ਭੋਗਣਾ ਕਰਤਾ ਹੈ ਸੋ ਸੰਪੂਰਨ ਵਿਸ਼ਿਅਹੁੰ ਕੇ ਵਿਕਾਰ ਫੀਕੇ ਦੇਖ ਇਸ ਸੰਸਾਰ ਮੈਂ ਏਕ ਗੋਬਿੰਦ ਨਾਮ ਜਾਪ ਹੀ (ਨੀਕੋ) ਸੁੰਦਰ ਹੈ ਐਸੇ ਸੰਤ ਜਨ ਕਹਿਤੇ ਹੈਂ ॥

ਤਨੁ ਧਨੁ ਆਪ ਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ
ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥ ੧ ॥

ਇਹ ਤਨ ਔ ਧਨ ਜੀਵ ਨੇ ਅਪਨਾ (ਥਾਪਿਓ) ਸਮਝਿਆ ਹੈ ਔਰ ਹਰਿਨਾਮ ਜਾਪ ਕੋ ਇਕ ਖਿਨ ਮਾਤ੍ਰ ਭੀ ਨਹੀਂ ਜਪਿਆ ਹੈ ਤਾਂਤੇ ਹੇ ਭਾਈ ਇਹ (ਦ੍ਰਬੁ) ਧਨ ਅਪਨੇ (ਅਰਥੁ)ਸੁਆਰਥ ਵਾਸਤੇ ਜੋ ਤੂੰ ਸੰਚਤਾ ਹੈਂ ਇਸ ਮੈਂ ਸੇ ਕੁਛ ਭੀ ਤੇਰੇ ਸਾਥ ਨਹੀਂ ਚਲਨਾ ਹੈ ॥ ੧ ॥

ਜਾਕੋ ਰੇ ਕਰਮੁ ਭਲਾ ਤਿਨਿ ਓਟਿ ਗਹੀ ਸੰਤ ਪਲਾ
ਤਿਨ ਨਾਹੀ ਰੇ ਜਮ ਸੰਤਾਵੈ ਸਾਧੂ ਕੀ ਸੰਗਨਾ ॥

ਹੇ ਭਾਈ ਜਿਸਕਾ ਭਲਾ ਕਰਮ ਹੈ ਅਰਥਾਤ ਚੰਗੇ ਭਾਗ ਹੈਂ ਤਿਸਨੇ ਸੰਤੋਂ ਕਾ ਪੱਲਾ ਪਕੜ ਕਰ ਓਟ ਗਹੀ ਹੈ ਤਿਨਕੋ ਸਤਿਸੰਗ ਕੇ ਪ੍ਰਤਾਪ ਸੇ ਜਮ ਨਹੀਂ ਸੰਤਾਵੈਗਾ ॥ ਅਰਥਾਤ ਜਨਮ ਮਰਨ ਤੇ ਰਹਤ ਹੋਜਾਇਗਾ ॥

ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ
ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥ ੨ ॥ ੨ ॥ ੩੦ ॥

ਹੇ ਭਾਈ ਤਿਸੀ ਨੇ ਪਰਮ ਨਿਧੋਂ ਕਾ ਘਰ ਨਾਮ ਪਾਇਆ ਹੈ ਜਿਨੋਂ ਕਾ ਸਤਿਗੁਰੋਂ ਦ੍ਵਾਰੇ ਹੰਕਾਰ ਮਿਟਿਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਏਕ ਨਿਰੰਕਾਰ ਮੈਂ ਹੀ ਤਿਨਕੇ ਮਨ ਕਾ ਲਗਨਾ ਹੂਆ ਹੈ ॥ ੨ ॥ ੨ ॥ ੩੦ ॥

ਧਨਾਸਰੀ ਮਹਲਾ ੫ ਘਰ ੭ ॥ ੧ ੴ ਸਤਿਗੁਰਪ੍ਰਸਾਦਿ ॥
ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥

ਹੇ ਪਿਆਰੇ ਏਕ ਹਰੀ ਕੋ ਹੀ ਮਨ ਤਨ ਥਾਲੀ ਕਰਕੇ ਸਿਮਰਨ ਕਰੋ ॥ ਸੋ ਹਰਿ ਕੈਸਾ ਹੈ ?

ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥

(ਕਲਿ) ਕਲਯੁਗ ਕੇ ਵਾ ਕਲਪਨਾ ਔਰ ਅਵਿਦ੍ਯਾ ਅਸਮਤਾ ਰਾਗ ਦ੍ਵੈਸ ਅਭਿਨਿਵੇਸ ਪਾਂਚੋਂ ਕਲੇਸ ਲੋਭਮੋਹਰੂਪ(ਮਹਾ) ਵਡੇ ਸੰਸਾਰ ਸੇ ਤੇਰੇ ਕੋ ਤਾਰੇਗਾ ਵਾ ਅਨੇਕ ਜਨ ਤਾਰੇ ਹੈਂ ॥

ਸਾਸਿ ਸਾਸਿ ਨਿਮਖ ਨਿਮਖ ਦਿਨਸੁਰੈਨਿ ਚਿਤਾਰੇ ॥
ਸਾਧ ਸੰਗਿ ਜਪਿ ਨਿਸੰਗ ਮਨਿ ਨਿਧਾਨੁ ਧਾਰੇ ॥ ੧ ॥

ਖਿਨ ਖਿਨ ਮੈਂ ਸ੍ਵਾਸ ਸ੍ਵਾਸ ਕਰਕੇ ਦਿਨ ਔ ਰਾਤ੍ਰੀ ਤਿਸਕੇ ਨਾਮ ਕੋ ਜੀਵ ਚਿਤਾਰੇ ਅਰਥਾਤ ਸਿਮਰਨ ਕਰੇ ਸੰਤੋਂ ਕੇ ਸੰਗ ਦ੍ਵਾਰਾ ਨਿਸੰਗ ਹੋਕਰ ਜਿਨੋਂ ਨੇ ਜਪਿਆ ਹੈ ਤਿਨੋਂ ਨੇ ਹਰੀ ਨਿਧੋਂ ਕੇ ਘਰ ਕੋ ਮਨ ਮੈਂ ਧਾਰਿਆ ਹੈ ॥ ੧ ॥

ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥
ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ ॥ ੨ ॥ ੧ ॥ ੩੧ ॥

ਸਤਿਗੁਰੋਂ ਕੇ ਚਰਨ ਕਮਲੋਂ ਪੰਰ ਨਮਸਕਾਰ ਕਰਕੇ ਗੋਬਿੰਦ ਕੇ ਗੁਣ ਜਿਨੋਂ ਨੇ ਵੀਚਾਰੇ ਹੈਂ ॥ ਸ੍ਰੀਗੁਰੂਜੀ ਕਹਿਤੇ ਹੈਂ ਸੰਤੋਂ ਕੀ ਚਰਨ ਧੂੜੀ ਪਾਇ ਕਰ ਸੋਈ(ਮੰਗਲ) ਉਤਸਾਹ ਔ ਸੁਖ ਯੁਕਤਿ ਪ੍ਰਲੋਕ ਮੈਂ (ਸਧਾਰੇ) ਗਏ ਹੈਂ ॥ ੨ ॥ ੧ ॥ ੩੧॥

ਧਨਾਸਰੀ ਮਹਲਾ ੫ ਘਰ ੯ ਦੁਪਦੇ ॥ ੧ ੴ ਸਤਿਗੁਰਪ੍ਰਸਾਦਿ ॥

ਗੁਰਥਚਨੋਂ ਸੇ ਅਪਨੀ ਲਾਭ ਦਸਾ ਉਚਾਰਨ ਕਰਤੇ ਹੈਂ ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮ੍ਹਾਲੇ ॥

Digitized by Panjab Digital Library | www.panjabdigilib.org

ਤਿਸ ਗੁਰ ਉਪਦੇਸ ਕੋ ਮਨ ਤਨ ਬਾਣੀ ਕਰਤੀਨੋਂ ਕਾਲਮੇਂਸਿਮਰਨ ਕਰਕੇ ਸ੍ਵਾਸਸ੍ਵਾਸ ਸਮਾਲਤਾ ਹੂਆ ਸੁਖੋਂਕੋਪਾਵਤਾਹੂੰ॥

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥ ੧ ॥

ਇਹ ਗੁਰ ਉਪਦੇਸ ਮੇਰੇ ਕੋ ਲੋਕ ਪ੍ਰਲੋਕ ਮੈਂ ਸੰਗੀ ਹੋਗਾ ਅਰਜਹਾਂ ਕਹਾਂ ਭਾਵ ਸਰਬ ਅਸਥਾਨੋਂਮੈਂਮੇਰੇ ਕੋ ਰਖਵਾਲੇ ਵਤ ਸਹਾਈ ਹੋਗਾ ॥ ੧ ॥

ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ
ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥ ੧ ॥ ਰਹਾਉ ॥

ਹੇ ਭਾਈ ਸਤਿਗੁਰੋਂ ਕਾ ਉਪਦੇਸ ਰੂਪ ਬਚਨਹਮਾਰੇ ਜੀ ਕੇ ਸਾਥਹੀ ਵਸਤਾ ਹੈ ਤਿਸ ਗੁਰਉਪਦੇਸ ਕੋ ਜਲ ਡੁਬਾਇ ਨਹੀਂ ਸਕਤਾ ਹੈ ॥ ਔਰ ਚੋਰ ਚੁਰਾਇ ਕਰ ਲੇਤਾ ਨਹੀਂ ਹੈ॥ ਔਰ(ਭਾਹਿ)ਅਗਨੀ ਤਿਸਕੋ ਜਲਾਇ ਨਹੀਂ ਸਕਤੀ ਹੈ।ਭਾਵ ਕਿਸੀ ਪ੍ਰਕਾਰ ਦੂਰ ਨਹੀਂ ਹੋਤਾ ਹੈ ॥

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥

ਜੈਸੇ ਨਿਰਧਨ ਕਉ ਧਨ ਹੈ ਔਰ ਅੰਧਲੇ ਕੋ (ਟਿਕ) ਸੋਟੀ ਆਸਰਾ ਰੂਪ ਹੈ ਔਰ ਬਾਲਕ ਕੋ ਮਾਤਾ ਕਾ ਦੂਧ ਆਸਰਾ ਹੈ ਤੈਸੇ ਗੁਰਉਪਦੇਸ ਹਮਾਰਾ ਸੁਖਦਾਈ ਹੈ ॥

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥ ੨ ॥ ੧ ॥ ੩੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਬ ਸ੍ਰੀ ਗੁਰੂਰਾਮਦਾਸ ਸਾਹਿਬ ਜੀ ਕਿਰਪਾਲ ਨੇ ਮੇਰੇ ਪਰਕ੍ਰਿਪਾ ਕਰੀ ਤਬਹਮਨੇਸੰਸਾਰ ਸਮੁੰਦ੍ ਮੈਂ ਹਰੀ ਕਾ ਨਾਮ ਰੂਪ (ਬੋਹਿਥੁ) ਜਹਾਜ ਪਾਇ ਲੀਆ ਹੈ ॥ ੨ ॥ ੧ ॥ ੩੨ ॥

ਧਨਾਸਰੀ ਮਹਲਾ ੫ ॥ ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ ॥

ਜਬ ਜਿਨੋਂ ਪਰ ਗੋਬਿੰਦ ਦਿਆਲ ਹੂਏਤਬ ਸਤਗੁਰ ਭੀ ਕ੍ਰਿਪਾਲ ਹੂਏ ਤੋ ਤਿਨ ਦਾਸੋਂ ਨੇ ਗੁਰੂ ਕੀ ਅੰਮ੍ਰਿਤ ਰੂਪੀ ਸਿਖਜਾ ਰਿਦੇ ਮੈਂ ਸਿੰਚੀ ਹੈ ਭਾਵ ਤਿਸਕੋ ਧਾਰਨ ਕੀਆ ਹੈ ॥

ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥ ੧ ॥

ਨੌ ਨਿਧੀਆਂ ਔ ਰਿਧੀਆਂ ਅਰੁ ਅਠਾਰਹਿ ਸਿਧੀਆਂ ਤਿਨ ਹਰਿ ਜਨੋਂ ਕੀ ਚਰਨੀ ਲਾਗ ਰਹੀਆਂ ਹੈਂ ॥ ੧ ॥

ਸੰਤਨ ਕਉ ਅਨਦੁ ਸਗਲ ਹੀ ਜਾਈ ॥
ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਵਿ ਰਹਿਆ ਸ੍ਰਬ ਠਾਈ ॥ ੧ ॥ ਰਹਾਉ ॥

ਸੰਤ ਜਨੋਂ ਕੋ ਸਰਬ (ਜਾਈ) ਅਸਥਾਨੋਂ ਮੈਂ ਅਨੰਦ ਹੈ (ਗ੍ਰਿਹ) ਘਰ ਮੈਂ ਔਰ ਬਾਹਰ ਭਗਤ ਜਨੋਂ ਕਾ ਠਾਕੁਰ ਰਖਕੁ ਹੈ ਕਿਉਂਕਿ ਵਹੁ ਸਰਬ ਅਸਥਾਨੋਂ ਮੈਂ ਪੂਰਨ ਹੋਇ ਰਹਿਆ ਹੈ ਭਾਵਤਿਸਕੇ ਮਿਲਾਪ ਕਰ ਵਹੁ ਸਦਾ ਅਨੰਦਰਹਿਤੇ ਹੈਂ॥੧ ॥

ਤਾਕਉ ਕੋਇ ਨ ਪਹੁਚਨ ਹਾਰਾ ਜਾਕੈ ਅੰਗਿ ਗੁਸਾਈ ॥

ਤਿਸ ਕੋ ਕੋਈ ਪਹੁੰਚਨੇ ਵਾਲਾ ਭਾਵ ਸੋ ਭੈ ਦੇਨੇ ਵਾਲਾ ਨਹੀਂ ਹੈ ਜਿਸਕੇ(ਅੰਗਿ) ਪਖ ਮੈਂ (ਗੁਸਾਈ) ਵਾਹਿਗੁਰੂ ਹੈ॥

ਜਮਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ ॥ ੨ ॥ ੨ ॥ ੩੩ ॥

ਜਿਸਕੇ ਸਿਮਰਨ ਤੇ ਜਮਕੀ ਸਾਸਨਾ ਕਾ ਭੈ ਮਿਟ ਜਾਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਮੈਂ ਤਿਸ ਹਰਿਨਾਮ ਕੋ ਧਿਆਵਨਾ ਕਰਤਾ ਹੂੰ ॥ ੨ ॥ ੨ ॥ ੩੩ ॥

ਧਨਾਸਰੀ ਮਹਲਾ ੫ ॥ ਦਰਬਵੰਤੁ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ ॥

ਜੈਸੇ ਧਨਵੰਤ ਧਨਕੋ ਦੇਖ ਕਰ(ਗਰਬੈ)ਹੰਕਾਰ ਕਰਤਾ ਹੈ ਔਰ ਜੈਸੇ ਪ੍ਰਿਥਵੀ ਕਾ ਮਾਲਕੁ ਭਾਵ ਜਿਮੀਂਦਾਰ ਜਮੀਨ ਕਰਕੇ ਅਭਿਮਾਨੀ ਹੋਤਾ ਹੈ ॥

ਰਾਜਾ ਜਾਨੈ ਸਗਲ ਰਾਜ ਹਮਰਾ ਤਿਉ ਹਰਿ ਜਨ ਟੇਕ ਸੁਆਮੀ ॥ ੧ ॥

ਜੈਸੇ ਰਾਜਾ ਜਾਨਤਾ ਹੈ ਕਿ ਸਰਬ ਰਾਜ ਹਮਾਰਾ ਹੈ ਤਿਸੀ ਪ੍ਰਕਾਰ ਹਰਿ ਜਨੋਂ ਕੋ ਤਿਸ ਸ੍ਵਾਮੀ ਕੀ ਟੇਕ ਹੈਅਰਥਾਤਆਸਰਾਹੈ॥

ਜੇ ਕੋਊ ਅਪਨੀ ਓਟ ਸਮ੍ਹਾਰੈ ॥
ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥ ੧ ॥ ਰਹਾਉ ॥

ਜੇ ਕੋਈ ਅਪਨੇ ਆਸਰੇ ਆਏ ਕੋ ਸੰਮਾਲਤਾ ਹੈ ਕਿ ਏਹ ਪੁਰਸ ਮੇਰੀ ਸਰਨ ਆਇਆ ਹੈ ਜੈਸਾ ਉਨਕਾ(ਬਿਤੁ)ਬਲਹੋਤਾ ਹੈ ਤਿਸੀ ਪ੍ਰਕਾਰ ਹੋਕਰ ਉਸਕੀਰਖਜਾ ਮੈਂ(ਵਰਤੈ)ਪ੍ਰਵਿਰਤ ਹੋਤਾ ਹੈ ਤਿਸਕੀ ਰਖਜਾ ਮੈ ਵਹੁ ਮਾਨੁਖ ਅਪਨਾ ਬਲਹਾਰਤਾ ਨਹੀਂ ਹੈ ਤਾਂਤੇ ਪ੍ਰਮੇਸ੍ਵਰ ਸਰਣ ਆਏ ਕੀ ਰਖਜਾ ਕਿਉਂ ਨਹੀਂ ਕਰੇਗਾ ਭਾਵ ਸੋ ਕਰੇਗਾ ॥

ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥

Digitized by Panjab Digital Library | www.panjabdigilib.org

ਤੈਸੇ ਸੰਤ ਜਨ ਔਰ ਸਭ ਕੋ ਤਿਆਗ ਕੇ ਵਾਹਿਗੁਰੂ ਕੇ ਆਸਰੇ ਭਏ ਹੈਂ ਮਨ ਬਾਣੀ ਕਰਕੇ ਸਰਨ ਆਏ ਹੈਂ ॥

ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥ ੨ ॥ ੩ ॥ ੩੪ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਸੰਤੋਂ ਕੀ ਕ੍ਰਿਪਾ ਤੇ ਹਰਿ ਗੁਣ ਗਾਏ ਤੇ ਤਿਨਕੇ ਮਨ ਆਦੀ ਅੰਤਸਕਰਨ ਨਿਰਮਲ ਭਏ ਹੈਂ ॥ ੨ ॥ ੩ ॥ ੩੪ ॥

ਧਨਾਸਰੀ ਮਹਲਾ ੫ ॥

ਸੰਤੋਂ ਕੀ ਚਰਨ ਧੂੜੀ ਮਾਂਗਤੇ ਹੂਏ ਬੇਨਤੀ ਕਰਤੇ ਹੈਂ ॥

ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਹੇ ਹਰੀ ਜਿਸਕੋ ਆਪ ਕਾ ਪ੍ਰੇਮ ਲਾਗਿਆ ਹੈ ਸੋਈ ਇਸ ਯੁਗ ਕੇ ਬੀਚ ਸੂਰਮਾ ਕਹੀਤਾ ਹੈ ॥

ਆਤਮ ਜਿਣੈ ਸਗਲ ਵਸਿ ਤਾਕੈ ਜਾਕਾ ਸਤਿਗੁਰੁ ਪੂਰਾ ॥ ੧ ॥

ਜਿਸਨੇ(ਆਤਮ)ਮਨ ਕੋ ਜੀਤਾ ਹੈ ਸੰਪੂਰਨ ਲੋਕ ਵਾ ਇੰਦ੍ਰੇ ਤਿਸਕੇ ਵਸ ਹੋ ਜਾਤੇ ਹੈਂ ਪਰੰਤੂ ਜਿਸਕਾ ਸਤਿਗੁਰ (ਪੂਰਾ) ਬ੍ਰਹਮ ਸੋ੍ਤੀ ਬ੍ਰਹਮ ਨੇਸਟੀ ਹੋਤਾ ਹੈ ਸੋ ਮਨ ਕੋ ਜੀਤਤਾ ਹੈ ॥ ੧ ॥

ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ
ਧਿਆਵਨ ਸਹਜਿ ਸਮਾਵਨ ਸੰਗਿ ॥ ੧ ॥ ਰਹਾਉ ॥

ਹੇ ਠਾਕੁਰ ਜੀ ਤੇਰੇ ਜਸ ਕੌ (ਆਤਮ) ਮਨ ਕੇ (ਰੰਗਿ) ਪ੍ਰੇਮ ਕਰਕੇ ਗਾਇਨ ਕਰੀਏ ਮਨ ਕੌ ਤੇਰੀ ਸਰਣ ਮੈਂ ਪਾਵਣੇ ਸੇ ਹੇ ਨਾਮੀ ਤੇਰੇ ਨਾਮ ਕਾ ਧਿਆਵਣਾ ਹੋਤਾ ਹੈ ਤਿਸੀ ਕਰ ਸੁਭਾਵਕ ਹੀ ਤੇਰੇ ਸਰੂਪ ਸਾਥ ਸਮਾਵਣਾ ਹੋਤਾ ਹੈ ॥

ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥

ਹੇ ਵਾਹਿਗੁਰੂ ਤਿਨ ਤੇਰੇ ਦਾਸੋਂਕੇ ਚਰਨ ਜਬ ਮੇਰੇ ਹਿਰਦੇ ਮੈਂ ਵਸੇ ਤਬ ਤਿਨਕੇ ਸਾਥ ਮੇਰੀ ਦੇਹੀ ਪਵਿਤ੍ਰ ਹੋ ਜਾਵੈ ॥

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ ੨ ॥ ੪ ॥ ੩੫ ॥

ਸ੍ਰੀ ਗੁਰੂਜੀ ਕਹਿਤੇ ਹੈਂ ਹੇ ਕ੍ਰਿਪਾ ਨਿਧ ਤਿਨ ਅਪਨੇ ਜਨੋਂ ਕੀ ਚਰਨ ਧੂੜੀ ਮੇਰੇ ਕੋ ਕ੍ਰਿਪਾ ਕਰਕੈ ਦੀਜੀਏ ਹਮ ਕੋ ਇਸੀ ਮੈਂ ਹੀ ਸੁਖ ਹੈ ॥ ੨ ॥ ੪ ॥ ੩੫ ॥

ਧਨਾਸਰੀ ਮਹਲਾ ੫ ॥ ਜਤਨ ਕਰੈ ਮਾਨੁਖ ਭਹਕਾਵੈ ਓਹੁ ਅੰਤਰਜਾਮੀ ਜਾਨੈ ॥

ਇਹ ਜੀਵ ਜਤਨਕਰਕੈ ਔਰ ਮਾਨੁਖੋਂਕੋ (ਭਹਕਾਵੈ)ਭ੍ਰਮਾਵਤਾਹੈ ਅਰਥਾਤਛਲਤਾਹੈ । ਪਰੰਤੂ ਵੁਹ ਕਰਤਬ ਹੇ ਅੰਤਰਜਾਮੀ ਤੂੰ ਜਾਨਤਾ ਹੈਂ ॥

ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥ ੧ ॥

ਨਿਰਬਾਣੋਂ ਕੇ ਅਰਥਾਤ ਫਕੀਰੋਂ ਕੇ ਭੇਖ ਕਰਕੇ ਪਾਪ ਕਰ ਕਰਕੇ ਪੁਨਾ ਮੁਕਰ ਪੜਤਾ ਹੈ ਭਾਵ ਝੂਠ ਬੋਲ ਕਰ ਕਹਿਤਾ ਹੈ ਮੈਨੇ ਪਾਪ ਨਹੀਂ ਕੀਆ ॥ ੧ ॥

ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ ਉਤ ਤਾਕੈ ਉਤਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥

ਹੇ ਪ੍ਰਭੂ ਆਪ ਸਰਬ ਕੇ ਅਤੀ ਨਿਕਟ ਰੂਪ ਕੋ ਇਹ ਜੀਵ ਦੂਰ ਜਾਨਤਾ ਹੈ ਇਸੀ ਤੇ ਇਹ ਜੀਵ ਉਧਰ ਵਿਸਅਹੁ ਵਾ ਪਾਪ ਕਰਮੋਂ ਕੇ ਕਰਨੇ ਮੈਂ ਲੋਭ ਕੇ ਫੇਰ ਮੈਂ ਆਇਆ ਹੁਆ ਇਧਰ ਉਧਰ ਦੇਖਤਾ ਹੈ ਭਾਵ ਯਹਿ ਇਹੁ ਜਾਨਤਾ ਹੈ ਕਿ ਮੇਰੇ ਕੋ ਕੋਈ ਨਹੀਂ ਦੇਖਤਾ ਹੈ ਐਸੇ ਜਾਨ ਕਰ ਔਰ ਕੀ ਵਸਤੂ ਕੋ ਉਠਾਇ ਲੇਤਾ ਹੈ ॥

ਜਬ ਲਗੁ ਤੂਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥

ਹੇ ਹਰੀ ਜਬ ਲਗ ਸਤਿਗੁਰੋਂ ਕੇ ਮਿਲਾਪ ਤੇ ਇਸ ਜੀਵ ਕੇ ਮਨ ਕਾ ਭ੍ਰਮ ਤੂਟੈ ਨਹੀਂ ਤਬਲਗਕੋਈ ਮੁਕਤੀਨਹੀਂਹੋਤਾ ਹੈ॥

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥ ੨ ॥ ੫ ॥ ੩੬ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਸ੍ਵਾਮੀ ਜਿਸ ਪਰ ਆਪ ਦਇਆਲ ਭਏ ਹੋ ਸੋਈ ਤੇਰਾ ਸੰਤ ਭਗਤ ਉਤਮਦਾਸਹੈ॥੨॥੫॥੩੬॥

ਧਨਾਸਰੀ ਮਹਲਾ ੫ ॥ ਨਾਮ ਜਾਪ ਕੀ ਮਹਿਮਾਂ ਉਚਾਰਨ ਕਰਤੇ ਹੈਂ ॥

ਨਾਮੁ ਗੁਰਿ ਦੀਓ ਹੈ ਅਪੁਨੈ ਜਾਕੈ ਮਸਤਕਿ ਕਰਮਾ ॥

ਤਿਨ ਅਪਨੇ ਜਨੋਂ ਕੌ ਸਤਿਗੁਰੋਂ ਨੇ ਨਾਮ ਦੀਆ ਹੈ ਜਿਨਕੇ ਮਸਤਕ ਮੈਂ ਉਤਮ ਕਰਮ ਅਰਥਾਤ ਵਡੇ ਭਾਗ ਹੈਂ ॥

ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾਕਾ ਜੁਗ ਮਹਿ ਧਰਮਾ ॥ ੧ ॥

ਤਿਨਕਾ ਇਸ ਜੁਗ ਮੈਂ ਏਹੀ ਧਰਮ ਹੈ ਜੋ ਨਾਮ ਕਾ ਹੀ ਦ੍ਰਿੜਾਵਣਾ ਔਰ ਨਾਮ ਕਾ ਹੀ ਜਪਾਵਣਾ ਕਰਤੇ ਹੈਂ ॥ ੧ ॥

ਜਨ ਕਉ ਨਾਮੁ ਵਡਾਈ ਸੋਭ॥ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ॥ ੧ ॥ ਰਹਾਉ ॥

Digitized by Panjab Digital Library | www.panjabdigilib.org

ਹੇ ਭਾਈ ਹਰੀ ਕੇ ਦਾਸੋਂ ਕੀ ਨਾਮ ਕਰਕੇ ਹੀ ਇਸ ਲੋਕ ਮੈਂ ਵਡਿਆਈ ਹੈ ਔਰ ਪ੍ਰਲੋਕ ਮੈਂ ਸੋਭਾ ਹੋਤੀ ਹੈ ॥ ਪੁਨਾ ਹਰਿ ਜਨੋਂ ਕੀ ਨਾਮ ਕਰਕੇ ਹੀ ਗਤੀ ਹੈ ਔਰ ਨਾਮ ਕਰਕੇ ਹੀ ਪ੍ਰਤਿਸਟਾ ਹੈ ਕਿਉਂਕਿ ਜੋ ਜੋ ਵਾਹਿਗੁਰੂ ਕਰਤਾ ਹੈ ਤਿਸਕੋ ਵਹੁ ਪ੍ਰਸੰਨ ਹੋਕਰ ਮਾਨਤੇ ਹੈਂ ਭਾਵ ਸੇ ਅਕਾਲ ਪੁਰਖ ਜੀ ਕੇ ਹੁਕਮ ਮੈਂ ਰਹਤੇ ਹੈਂ ॥

ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥

ਨਾਥ ਧਨ ਜਿਸ ਸੰਤ ਜਨ ਕੇ ਪਲੇ ਹੈ ਸੋਈ ਪੂਰਨ ਸਾਹ ਹੈ ॥

ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ ॥ ੨ ॥ ੬ ॥ ੩੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਸੋ ਜਨ ਨਾਮ ਕਾ ਹੀ ਵਿਵਹਾਰ ਕਰਤਾ ਹੈ ਔਰ ਨਾਮ ਕਾ ਹੀ ਤਿਸਕੇ ਆਸਰਾ ਹੈ ਕਿਉਂਕਿ ਨਾਮ ਜਾਪ ਕਰਕੇ ਹੀ ਤਿਸਕੋ ਲਾਭ ਪ੍ਰਾਪਤਿ ਹੁਆ ਹੈ ॥ ੨ ॥ ੬ ॥ ੩੭ ॥

ਧਨਾਸਰੀ ਮਹਲਾ ੫ ॥ ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥

ਹੇ ਗੁਪਾਲ ਆਪਕਾ ਦਰਸਨ ਦੇਖ ਕਰਕੇ ਮੇਰੇ ਨੇਤ੍ਰ ਪਵਿਤ੍ਰ ਭਏ ਹੈਂ ਔਰ ਮਸਤਕ ਪਰ ਆਪਕੇ ਚਰਨੋਂ ਕੀ (ਰਵਾਲ) ਧੂੜੀ ਪੜੈ ਤਬ ਮਸਤਕ ਪਵਿਤ੍ਰ ਹੋਤਾ ਹੈ ॥

ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥ ੧ ॥

ਹੇ ਠਾਕਰ ਜੀ ਮਨ ਬਾਣੀ ਸੇ (ਰਸਿ) ਪ੍ਰੇਮ ਕਰਕੇ ਤੁਝ ਸ੍ਵਾਮੀ ਕੇ ਗੁਣੋਂ ਕੋ ਗਾਇਨ ਕਰਤਾ ਰਹੂੰ ਤਾਂਤੇ ਹੇ ਗੋਪਾਲ ਮੇਰੇ ਹਿਰਦੇ ਮੈਂ ਨਿਵਾਸ ਕਰੋ ॥ ੧ ॥

ਤੁਮ ਤਉ ਰਾਖਨਹਾਰ ਦਇਆਲ ॥ ਸੁੰਦਰ ਸੁਘਰ
ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥ ੧ ॥ ਰਹਾਉ ॥

ਹੇ ਵਾਹਿਗੁਰੂ ਤੁਮ ਤੋ ਦਿਆਲ ਹੋਕਰ ਦਾਸੋਂ ਕੋ ਰਾਖਣੇ ਹਾਰੇ ਹੋ ॥ ਸੁੰਦਰ ਸਰੂਪ ਔ (ਸੁਘਰ) ਚਤਰ ਬਿਅੰਤ ਪ੍ਰਭੂ ਪਿਤਾ ਰੂਪ ਹੋਕਰ ਮੁਝ ਪਰ ਕ੍ਰਿਪਾਲ ਹੋਵੋ ॥

ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥

ਮਹਾ ਅਨੰਦ ਕੇ ਦੇਣੇ ਹਾਰੇ ਮੰਗਲ ਰੂਪ (ਰਸਾਲ) ਰਸੋਂ ਕਾ ਘਰ ਤੁਮਾਰੇ ਵੇਦ ਰੂਪ ਬਚਨ ਪਰਮ ਅਨੂਪ ਹੈਂ ॥

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ ੨ ॥ ੭ ॥ ੩੮ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਇਸੀਤੇ ਹਿਰਦੇ ਮੈਂ ਆਪਕੇ ਚਰਨੋਂ ਕਾ ਧਿਆਨ ਔਰ ਸਤਿਗੁਰੋਂ ਕਾ (ਸਬਦੁ) ਉਪਦੇਸ਼ ਹਮਨੇ ਅਪਨੇ ਪੱਲੇ ਬਾਂਧ ਲੀਆ ਹੈ ਭਾਵ ਯੇਹਿ ਮਨ ਮੈਂ ਦ੍ਰਿੜ ਕੀਆ ਹੈ ॥ ੨ ॥ ੭ ॥ ੩੮ ॥
ਪ੍ਰਮੇਸ੍ਵਰ ਕੀ ਉਸਤਤੀ ਕਰਤੇ ਹੁਏ ਤਿਸਕੀ ਪ੍ਰਾਪਤੀ ਕਾ ਸਾਧਨ ਕਹਤੇ ਹੈਂ ॥

ਧਨਾਸਰੀ ਮਹਲਾ ੫ ॥ ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ ॥

ਤੂੰ ਅਪਨੀ (ਉਕਤਿ) ਬਾਣੀ ਭਾਵ ਹੁਕਮਸੇ ਭੋਜਨ ਖੁਲਾਵਤਾ ਹੈਂ ਔਰ ਅਪਨੀ(ਉਕਤਿ)ਬਾਣੀਕਰਹੀਚੇਸਟਾਕਰਾਵਤਾਹੈਂ॥

ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ ॥ ੧ ॥

ਔਰ ਸੰਪੂਰਨ ਸੁਖ ਔਰ ਰਸੋਂ ਕੇ ਭੋਗ ਦੇਤਾ ਹੈਂ ਪੁਨਾ ਅਸਿਧਠਾਨ ਰੂਪਤਾ ਕਰਕੇ ਮਨਕੇ ਸਾਥ ਹੀ ਸਮਾਇ ਰਹਾ ਅਰਥਾਤ ਅਭੇਦ ਹੋ ਰਹਾ ਹੈ ॥ ੧ ॥

ਹਮਰੇ ਪਿਤਾ ਗੋਪਾਲ ਦਇਆਲ ॥
ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥ ੧ ॥ ਰਹਾਉ ॥

ਹੇ ਗੋਬਿੰਦ ਗੋਪਾਲ ਹਮਾਰੇ ਆਪ ਪਿਤਾ ਰੂਪ ਹੋ। ਜੈਸੇ ਮਾਤਾ ਬਾਲਕ ਕੋ ਪ੍ਰੇਮ ਕਰ ਰਾਖਤੀ ਹੈ ਤੈਸੇ ਹੀ ਤੁਮ ਹਮਾਰੀ ਪ੍ਰਤਿਪਾਲਾ ਕਰਤੇ ਹੋ ॥

ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥

ਹੇ ਤੀਨੋ ਕਾਲੋਂ ਮੈਂ ਵਾ ਮਨ ਤਨ ਸੇ ਹਮਾਰੇ ਮਿਤ੍ਰ ਸਰਬ ਗੁਣੋਂ ਕੇ (ਨਾਇਕ) ਸ੍ਵਾਮੀ ਤੁਮ ਸਦਾ ਹੀ(ਸਲਾਮਤਿ) ਇਸਥਿਤ ਅਰਥਾਤ ਅਬਿਨਾਸੀ (ਦੇਵਾ) ਪ੍ਰਕਾਸ ਰੂਪ ਹੋ ॥

ਈਤ ਊਤ ਜਤ ਕਤ ਤਤ ਤੁਮਹੀ ਮਿਲੈ ਨਾਨਕ ਸੰਤ ਸੇਵਾ ॥ ੨ ॥ ੮ ॥ ੩੯ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਇਸ ਲੋਕ ਔ(ਊਤ)ਪ੍ਰਲੋਕ ਮੈਂ ਜਹਾਂ ਕਹਾਂ ਤਹਾਂ ਭਾਵ ਤੀਨ ਲੋਕ ਮੇਂ ਹੇ ਮੇਰੇ ਪ੍ਰਭੂ ਤੁਮਹੀ ਦ੍ਰਿਸ੍ ਆਵਤੇ ਹੋ ਤਾਂਤੇ ਆਪ ਪਾਸੋਂ ਮੇਰੇ ਕੋ ਸੰਤੋਂ ਕੀ ਸੇਵਾ ਕਾ ਹੀ ਦਾਨ ਮਿਲੈ ॥ ੨ ॥ ੮ ॥ ੩੯ ॥
ਸੰਤੋਂ ਕੀ ਮਹਿਮਾ ਉਚਾਰਨ ਕਰਤੇ ਹੈਂ ॥

Digitized by Panjab Digital Library | www.panjabdigilib.org

ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥

ਜਬ ਐਸੇ ਸੰਤ ਕ੍ਰਿਪਾਲ ਹੁਏ ਤਬ ਗੋਬਿੰਦ ਦਿਆਲ ਭਯਾ ਤਿਸੀ ਤੇ ਹਮਨੇ ਕਾਮ ਕ੍ਰੋਧ ਆਦੀ ਵਿਸੇ ਵਿਕਾਰਸਭੀਜਲਾਇ ਦੀਏ ਹੈਂ ॥

ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥ ੧ ॥

ਰਾਜ ਔ ਮਾਲ ਜੋਬਨ ਤਨ ਆਦੀ ਸੰਪੂਰਨ ਪਦਾਰਥ ਇਸ ਜੀਵ ਕੇ ਸੰਯੁਕਤਿ ਤਿਨ ਸੰਤੋਂ ਪਰ ਲੈਕਰ ਸਭ ਵਾਰਨੇ ਕਰ ਦੀਏ ਹੈਂ ॥ ੧ ॥

ਮਨਿ ਤਨਿ ਰਾਮ ਨਾਮ ਹਿਤ ਕਾਰੇ ॥

ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥

ਹੇ ਵਾਹਿਗੁਰੂ ਜੋ ਤੇਰੇ ਸੰਤ ਮਨ ਤਨਸੇ ਨਾਮ ਮੈਂ ਹਿਤ ਕਰਤੇ ਹੈਂ ਸੋ ਸੰਤ ਜਨ (ਸਹਜ ਸੁਖ)ਆਤਮ ਸੁਖਔਰਅਨੰਦਮੰਗਲ ਸਹਿਤ ਕਰਕੇ ਆਪ ਨੈ ਸੰਸਾਰ ਸਮੁੰਦ੍ਰ ਸੇ ਪਾਰ ਉਤਾਰੇ ਹੈਂ ॥

ਧੰਨਿ ਸੁਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥

ਸੋ ਅਸਥਾਨ ਭੀ ਧੰਨਜ ਔਰ ਵੁਹ ਗ੍ਰਿਹ ਭੀ ਧੰਨਜ ਹੈ ਜਿਸ ਮੇਂ ਸੰਤ ਬਸਤੇ ਹੈਂ ॥

ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ ॥ ੨ ॥ ੯ ॥ ੪੦ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਠਾਕੁਰ ਮੈਂ ਜਨ ਕੀ ਸਰਧਾ ਪੂਰਨ ਕਰੀਏ ਜੋ ਮੈਂ ਤੇਰੇ ਐਸੇ ਭਗਤੋਂ ਕੋ ਨਮਸਕਾਰ ਕਰਤਾ ਰਹੂੰ ॥ ੨ ॥ ੯ ॥ ੪੦ ॥

ਧਨਾਸਰੀ ਮਹਲਾ ੫ ॥ ਅਪਨੀ ਲਾਭ ਦਿਸਾ ਉਚਾਰਨ ਕਰਤੇ ਹੈਂ ॥

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨਿ ਪਰਾਤਿ ॥

ਮਹਾਂਬਲੀ ਜੋ ਮਾਯਾ ਹੈ ਤਿਸ ਤੇ ਮੇਰੇ ਕੋ ਅਪਨੇ ਚਰਨੋਂ ਮੈਂ ਪਾ ਕਰਕੇ ਪੂਰੇ ਸਤਿਗੁਰੋਂ ਨੇ ਛਡਾਇ ਲੀਆ ਹੈ ਅਰਥਾਤ ਰਾਖ ਲੀਆ ਹੈ ॥

ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥ ੧ ॥

ਏਕ ਨਾਮ ਕਾ ਹੀ ਹਮਾਰੇ ਮਨ ਮੈਂ ਮੰਤ੍ਰ ਦੀਆ ਹੈ ਜੋ ਕਬੀ ਬਿਨਸਤਾ ਨਹੀਂ ਔਰ ਨਾ ਕਹੀਂ ਤਿਆਗ ਕਰ ਜਾਤਾ ਹੈ ॥੧॥

ਸਤਿਗੁਰਿ ਪੂਰੈ ਕੀਨੀ ਦਾਤਿ ॥ ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥

ਪੂਰੇ ਸਤਿਗੁਰੋਂ ਨੇ ਹਮਕੋ ਅਪਨੀ ਦਾਤਿ ਕਰੀ ਹੈ ਸੋ ਕਿਆ ਦਾਤ ਹੈ ਹਰਿ ਹਰਿ ਨਾਮ ਕਾ ਉਪਦੇਸ਼ ਕੀਰਤਨ ਕਰਨੇ ਕੋ ਮੇਰੇ ਕੋ ਦੀਆ ਹੈ ਤਿਸੀ ਜਾਪ ਸੇ ਹਮਾਰੀ (ਗਾਤਿ)ਕਲਿਆਣ ਭਈ ਹੈ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥

ਜਿਸ ਪ੍ਰਭੂ ਨੇ ਭਗਤੋਂ ਕੀ ਪਤਿ ਸਦਾ ਰਾਖ ਲਈ ਹੈ ਤਿਸਨੇ ਹਮਾਰਾ ਪ੍ਰੇਮ ਅੰਗੀਕਾਰ ਕੀਆ ਹੈ ਵਾ ਪਖ ਕੀਆ ਹੈ॥

ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥ ੨ ॥ ੧੦ ॥ ੪੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਅਪਨੇ ਪ੍ਰਭੂ ਕੇ ਹਮ ਨੇ ਚਰਨ ਗ੍ਰਹਿਣ ਕਰੇ ਹੈਂ ਇਸੀ ਤੇ ਹਮਨੇ ਦਿਨੇ ਰਾਤਿ ਅਖੰਡ ਸੁਖ ਪਾਇਆ ਹੈ ॥ ੨ ॥ ੧੦ ॥ ੪੧ ॥

ਧਨਾਸਰੀ ਮਹਲਾ ੫ ॥ ਸਾਕਤੋਂ ਕੇ ਜਨਮ ਕੀ ਵਿਅਰਥਤਾ ਉਚਾਰਣ ਕਰਤੇ ਹੈਂ॥

ਪਰਹਰਨਾ ਲੋਭੁ ਝੂਠ ਨਿੰਦ ਇਵਹੀ ਕਰਤ ਗੁਦਾਰੀ ॥

ਲੋਭ ਕਰਕੇ ਔਰ ਪੁਰਸ਼ੋਂ ਕਾ ਧਨ ਬਲ ਛਲ ਚੋਰੀ ਕਰ (ਪਰਹਰਨਾ) ਖੋਸ ਲੈਣਾਂ ਔਰ ਝੂਠ ਬੋਲਣਾ ਔਰ ਨਿੰਦਾ ਕਰਨੀ ਆਦੀ ਇਨ ਵਿਕਾਰੋਂ ਮੈਂ ਇਸ ਪ੍ਰਕਾਰ ਸਾਕਤੋਂ ਨੇ ਆਯੂ ਅਪਣੀ (ਗੁਦਾਰੀ) ਬਿਤਾਈ ਹੈ ॥

ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ ਇਹ ਟੇਕ ਮਨਹਿ ਸਾਧਾਰੀ ॥ ੧ ॥

ਮ੍ਰਿਗ ਤ੍ਰਿਸ਼ਨਾ ਵਤ ਜੋ ਪਦਾਰਥ ਝੂਠੇ ਹੈਂ ਤਿਨੋਂ ਕੀ ਆਸਾ ਮੀਠੀ ਜਾਨ ਕਰ ਇਨਹੀਂ ਕੀ (ਟੇਕ) ਸਰਣ ਸਾਕਤੋਂ ਕੇ ਮਨ ਮੈਂ (ਸਾਧਾਰੀ) ਗ੍ਰਹਨ ਕਰੀ ਹੈ ਭਾਵ ਮਨ ਮੈਂ ਪ੍ਰਾਪਤਿ ਭਈ ਹੈ ॥ ੧ ॥

ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥ ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ ॥ ਰਹਾਉ ॥

ਹੇ ਭਾਈ! ਸਾਕਤ ਪੁਰਸ਼ੋਂ ਕੀ (ਆਵਰਦਾ) ਆਰਬਲਾ ਭਜਨ ਬਿਨਾਂ ਵਿਅਰਥ ਹੀ ਜਾਤੀ ਹੈ ਜੈਸੇ ਕਾਗਤੋਂ ਕੇ ਭਾਰ

Digitized by Panjab Digital Library | www.panjabdigilib.org

(ਮੂਸਾ) ਚੂਹਾ ਟੁਕ ਕਰਕੇ ਗਵਾਇ ਦੇਤਾ ਹੈ ਤਿਸ (ਗਾਵਾਰੀ)ਮੂਰਖ ਕੇ ਕੰਮ ਨਹੀਂ ਆਵਤੇ ਹੈਂ ॥ ਭਾਵ ਜੈਸੇ ਟੁਕੇ ਹੋਏ ਕਾਗਜੋਂ ਕਰ ਚੂਹੇ ਕਾ ਪੇਟ ਨਹੀਂ ਭਰਤਾ ਤੈਸੇ ਇਸ ਅਵਸਥਾ ਮੈਂ ਸਾਕਤੋਂ ਕੋ ਲਾਭ ਕੁਛ ਨਹੀਂ ਹੋਤਾ ਹੈ ॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ ॥

ਜਿਨੋਂ ਪਰਪਾਰਬ੍ਰਹਮ ਸੁਆਮੀ ਨੇ ਕਿਰਪਾ ਕਰੀ ਹੈ ਤਿਨੋਂ ਕੋ ਇਨ ਬੰਧਨੋਂ ਕੀ ਪੰਕਤੀ ਤੇ ਛੁਡਾਇ ਲੀਆ ਹੈ ॥

ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ ॥ ੨ ॥ ੧੧ ॥ ੪੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਅਗਿਆਨ ਕਰਕੇ ਅੰਧੇ ਜੀਵੋਂ ਕੋ ਸੰਸਾਰ ਸਮੁੰਦਰ ਮੈਂ ਡੂਬਤਿਆਂ ਹੋਇਆਂ ਕੋ ਸਾਧਜਨੋਂਕੀ ਸੰਗਤ ਦੇਕਰ ਪ੍ਰਭ ਕਾਢ ਲੇਤਾ ਹੈ ਭਾਵ ਸੇ ਜਿਸ ਪਰ ਕਿਰਪਾ ਕਰਤਾ ਹੈ ਤਿਸਕੀ ਕਲਿਆਣ ਕਰ ਦੇਤਾ ਹੈ ॥ ੨ ॥ ੧੧॥੪੨॥ ਵਾਹਿਗੁਰੂ ਕੋ ਅਪਣਾ ਸਰਬ ਪ੍ਰਕਾਰ ਰਖਿਯਕ ਉਚਾਰਣ ਕਰਤੇ ਹੈਂ ॥

ਧਨਾਸਰੀ ਮਹਲਾ ੫ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ ॥

ਮਨ ਬਾਣੀ ਕਰਕੇ ਅਪਨਾ ਸ੍ਵਾਮੀ ਸਿਮਰ ਕਰਕੇ ਹਮਾਰੀ ਤਨ ਮਨ ਸੰਯੁਗਤਿ ਛਾਤੀ ਸੀਤਲ ਭਈ ਹੈ ਵਾ ਤਨ ਮਨ ਮੈਂ ਅਤੀ ਸੀਤਲਤਾ ਛਾਇ ਰਹੀ ਹੈ ॥

ਰੂਪ ਰੰਗ ਸੁਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ ॥ ੧ ॥

ਰੂਪ ਔਰ ਬਿਹਾਰਕ(ਰੰਗ)ਅਨੰਦ ॥ ਪੁਨਾ ਆਤਮ ਸੁਖ ਔ ਧਨ ॥ ਪੁਨਾ (ਜੀਅ ਕਾ) ਅਵਜੀਵਕਾ ਗੁਜਾਰਾ ਅਰ ਜਾਤੀ ਮੇਰੇ ਪਾਸ ਤੋ ਸ੍ਰਬ ਰੂਪ ਪਾਰਬ੍ਰਹਮ ਹੀ ਹੈ ॥ ੧ ॥

ਰਸਨਾ ਰਾਮ ਰਸਾਇਨਿ ਮਾਤੀ॥ਰੰਗ ਰੰਗੀਰਾਮ ਅਪਨੈ ਕੈਚਰਨਕਮਲਨਿਧਿਥਾਤੀ॥ਰਹਾਉ॥

ਹਮਾਰੀ ਰਸਨਾ ਰਾਮ ਜੋ ਰਸੋਂ ਕਾ ਘਰ ਹੈ ਤਿਸ ਮੈਂ (ਮਾਤੀ) ਮਸਤ ਭਈ ਹੈ ਅਪਨੇ ਸ੍ਵਾਮੀ ਰਾਮ ਕੇ (ਰੰਗ) ਪ੍ਰੇਮ ਮੈਂ ਰੰਗੀ ਹੋਈ ਹੈ ਕਿਉਂਕਿ ਹਰੀ ਕੇ ਚਰਨ ਕਮਲ ਜੋ ਨਿਧੋਂ ਕੀ (ਥਾਤੀ) ਥੈਲੀ ਹੈ ਸੋ ਪਾਇ ਲਈ ਹੈ ॥

ਜਿਸ ਕਾ ਸਾ ਤਿਨਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ ॥

ਜਿਸ ਵਾਹਿਗੁਰੂ ਕਾ ਮੈਂ ਦਾਸ ਥਾ ਤਿਸੀਨੇ ਮੇਰੇ ਕੋ ਰਾਖ ਲੀਆ ਹੈ ਕਿਉਂਕਿ ਮੇਰੇ ਪ੍ਰਭੂ ਕੀ ਸਭ (ਭਾਤੀ) ਤਰਾਂ ਪੂਰਨ ਹੈ ਵਾ ਮੇਰੇ ਕੋ ਮੇਰੇ ਪ੍ਰਭੂ ਕੀ ਪੂਰਨ ਪ੍ਰੀਤੀ ਭਾਵਤੀ ਹੈ ॥

ਮੇਲਿ ਲੀਓ ਆਪੇ ਸੁਖ ਦਾਤੈ ਨਾਨਕ ਹਰਿ ਰਾਖੀ ਪਾਤੀ ॥ ੨ ॥ ੧੨ ॥ ੪੩ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹਮਕੋ ਸੁਖ ਦਾਤੇ ਹਰੀ ਨੇ ਅਪਨੇ ਸਰੂਪ ਮੈਂ ਮੇਲ ਲੀਆ ਹੈ ਔਰ ਹਰ ਪ੍ਰਕਾਰਸੇਹਮਾਰੀ(ਪਾਤੀ) ਪਤਿਸ਼ਟਾ ਰਾਖੀ ਹੈ ॥ ੨ ॥ ੧੨ ॥ ੪੩ ॥

ਧਨਾਸਰੀ ਮਹਲਾ ੫ ॥ ਸ੍ਰੀ ਅਕਾਲ ਪੁਰਖ ਜੀ ਕੇ ਸਨਮੁਖ ਬੇਨਤੀ ਕਰਤੇ ਹੈਂ ॥

ਦੂਤ ਦੁਸਮਨ ਸਭਿ ਤੁਝਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥

(ਦੂਤ) ਕਾਮ ਕ੍ਰੋਧ ਆਦੀ ਵਾ ਦੂਤੀ ਕਰਨੇ ਹਾਰੇ ਦੂਤ ਔ (ਦੁਸਮਨ) ਸੱਤ੍ਰੂ ਸੰਪੂਰਨ ਤੁਝਤੇ (ਨਿਵਰਹਿ) ਦੂਰ ਹੋਤੇ ਹੈਂ ਕਿਉਂਕਿ ਆਪਕਾ ਪ੍ਰਤਾਪ ਸੰਸਾਰ ਮੈਂ ਪ੍ਰਗਟ ਹੋ ਰਹਾ ਹੈ ॥

ਜੋ ਜੋ ਤੇਰੇ ਭਗਤਿ ਦੁਖਾਏ ਓਹੁ ਤਤਕਾਲ ਤੁਮ ਮਾਰਾ ॥ ੧ ॥

ਜੋ ਜੋ ਤੁਮਾਰੇ ਭਗਤੋਂ ਕੋ ਦੁਖਾਵਤਾ ਹੈ ਸੋ ਆਪਨੇ ਤਾਤਕਾਲ ਹੀ ਮਾਰਾ ਹੈ ॥ ੧ ॥

ਨਿਰਖਉ ਤੁਮਰੀ ਓਰਿ ਹਰਿ ਨੀਤ ॥ ਮੁਰਾਰਿ ਸਹਾਇ
ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ ॥ ਰਹਾਉ ॥

ਹੇ ਹਰੀ ਮੈਂ ਨਿਤੰਪ੍ਰਤੀ ਤੁਮਾਰੀ ਤਰਫ ਹੀ ਦੇਖਤਾ ਹੂੰ ॥ ਭਾਵ ਸੇ ਆਪਕਾ ਹੀ ਭਰੋਸਾ ਹੈ ਤਾਂਤੇ ਹੇ ਮੁਰਾਰੀ ਮਿਤ੍ਰਮੈਂਦਾਸਕੋ ਸਹਾਇਕ ਹੋਕਰ ਹਾਥ ਪਕੜ ਕਰ ਸੰਸਾਰ ਸਮੁੰਦਰ ਸੇ ਉਧਾਰੋ ॥

ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ ॥

ਤਾਂਤੇ ਹੇ ਮੇਰੇ ਠਾਕੁਰ ਆਪਨੇ ਮੇਰੀ ਬੇਨਤੀ ਜਬ ਸੇ ਸ੍ਰਵਨ ਕਰੀ ਹੈ ਤਬਤੇ ਹੀ ਮੇਰਾ (ਖਸਮਾਨਾ) ਪਖਜ ਕੀਆ ਹੈ ॥

ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ ॥ ੨ ॥ ੧੩ ॥ ੪੪ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸੀ ਤੇ ਹਰਿ ਨਾਮ ਜਾਪ ਕੋ ਮਨ ਤਨ ਸੇ ਸਰਬ ਕਾਲ ਮੈਂ ਜਪ ਕਰਕੇ ਹਮ ਅਨੰਦ ਭਏ ਹੈਂਔਰ ਦੁਖ ਹਮਾਰੇ ਭਾਗ ਗਏ ਹੈਂ ਅਰਥਾਤ ਦੂਰ ਭਏ ਹੈਂ ॥੨ ॥ ੧੩ ॥ ੪੪ ॥

ਧਨਾਸਰੀ ਮਹਲਾ ੫ ॥ ਪਰਮੇਸ੍ਵਰ ਕੀ ਭਗਤੋਂ ਪਰ ਦਿਆਲਤਾ ਉਚਾਰਨ ਕਰਤੇ ਹੈਂ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

ਜਿਸ ਵਾਹਿਗੁਰੂ ਨੇ ਚਾਰੋਂ ਦਿਸ਼ੋਂ ਮੇਂ ਅਪਨਾ ਬਲ ਕੀਆ ਹੁਆ ਭਾਵ ਸੇ ਸਰਬ ਸੰਸਾਰ ਜਿਸਕੇ ਅਧੀਨ ਹੈ ਤਿਸ ਹਰੀ ਨੇ

Digitized by Panjab Digital Library | www.panjabdigilib.org

ਆਪਨੇ ਦਾਸ ਕੇ ਸੀਸ ਪਰ ਹਾਥ ਧਾਰਿਆ ਹੈ ॥

ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ ਦਾਸ ਕਾ ਦੂਖ ਬਿਦਾਰਿਓ ॥ ੧ ॥

ਪੁਨਾ ਜਥ ਕ੍ਰਿਪਾ ਦ੍ਰਿਸਟੀ ਕਰਕੇ ਦੇਖਣਾ ਕੀਆ ਹੈ ਤਿਸੀ ਤੇ ਦਾਸੋਂ ਕਾ ਪ੍ਰਤਖ ਵਾ ਜਨਮ ਮਰਨ ਆਦੀਦੁਖ(ਬਿਦਾਰਿਓ) ਨਸਟ ਕੀਆ ਹੈ ॥ ੧ ॥

ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ
ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥

ਜੋ ਹਰਿਕੇ (ਜਨ) ਦਾਸ ਗੋਬਿੰਦ ਰੂਪ ਗੁਰੋਂ ਨੇ ਆਪ ਹੀ ਦੁਖੋਂ ਵਿਕਾਰੋਂ ਸੇ ਰਾਖੇਹੈਂ ਤਿਨਕੋ ਦਿਆਲ ਪੁਰਖ ਨੇ ਅਪਨੇ ਕੰਠ ਸਾਥ ਲਗਾਇ ਕਰਕੇ ਸੰਪੂਰਨ ਅਵਗੁਣ ਮਿਟਾਇ ਦੀਏ ਹੈਂ ॥

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

ਵੁਹ ਦਾਸ ਅਪਨੇ ਠਾਕਰ ਤੇ ਜੋ ਜੋ ਮਾਂਗਤੇ ਹੈਂ ਵਾਹਿਗੁਰੂ ਤਿਨੋਂ ਕੋ ਸੋਈ ਸੋਈ ਪਦਾਰਥ ਦੇਤਾ ਹੈ ॥ ਭਾਵ ਸੇ ਤਿਨਕੀ ਸਰਥ ਇਛਾ ਪੂਰਨ ਕਰਤੇ ਹੈਂ ॥

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ ੨ ॥ ੧੪ ॥ ੪੫ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਵੁਹ ਪ੍ਰਭੂ ਕਾ ਦਾਸ ਜੋ ਮੁਖ ਤੇ ਬਚਨ ਉਚਾਰਨ ਕਰਤਾ ਹੈ ਸੋ ਇਸ ਲੋਕ ਔ ਪ੍ਰਲੋਕ ਮੈਂ ਸਚਾ ਹੋਤਾ ਹੈ ॥ ੨ ॥ ੧੪ ॥ ੪੫ ॥

ਧਨਾਸਰੀ ਮਹਲਾ ੫ ॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥

ਅਪਨੇ ਦਾਸੋਂ ਕੋ ਸ੍ਵਾਮੀ ਔਖੀ ਘੜੀ ਭਾਵ ਕਸਟ ਕਾ ਸਮਾਂ ਦੇਖਣੇ ਨਹੀਂ ਦੇਤਾ ਹੈ ਅਪਨਾ ਬਿਰਦ ਸਮਾਲਤਾ ਹੈ ॥

ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥ ੧ ॥

ਅਪਨੇ ਦਾਸ ਕੋ ਹਾਥ ਦੇਕਰ ਦੁਖੋਂ ਸੇ ਰਾਖ ਲੇਤਾ ਹੈ ਔਰ ਸ੍ਵਾਸ ਸ੍ਵਾਸ ਕਰਕੇ ਤਿਸਕੀ ਪ੍ਰਤਿਪਾਲਣਾ ਕਰਤਾ ਹੈ ॥ ੧ ॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥

ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥

ਤਿਸ ਪ੍ਰਭ ਕੇ ਸਾਥ ਮੇਰਾ ਚਿਤ ਲਾਗ ਰਹਾ ਹੈ ਜੋ ਵਾਹਿਗੁਰੂ ਆਦ ਅੰਤ ਮਧ ਭਾਵ ਭੂਤ ਭਵਿਖਤ ਵਰਤਮਾਨ ਤੀਨੋਕਾਲਮੈਂ ਸਹਾਈ ਹੈ ਸੋ ਹਰੀ ਹਮਾਰਾ ਮਿਤਰ ਧੰਨਜ ਹੈ ॥

ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥

ਐਸੇ ਅਪਨੇ ਸਾਹਿਬ ਕੇ ਗੁਣ ਔਰ ਅਚਰਜ ਵਡਿਆਈ ਕੋ ਦੇਖ ਕਰਕੇ ਹਮਾਰੇ ਮਨ ਆਦੀਅੰਤਸਕਰਣਪਰਮ(ਬਿਲਾਸ) ਅਨੰਦ ਭਏ ਹੈਂ ॥

ਹਰਿਸਿਮਰਿਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥ ੨ ॥ ੧੫ ॥ ੪੬ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਪ੍ਰਭੂ ਨੇ ਹਮਾਰੀ ਪੂਰਨ ਪੈਜ ਰਖਾਈ ਹੈ ਤਿਸ ਹਰੀ ਕੋ ਮਨ ਬਾਣੀ ਸੇ ਸਿਮਰਨ ਕਰ ਹਮ ਅਨੰਦ ਕਰਤੇ ਹੈਂ ॥ ੨ ॥ ੧੫ ॥ ੪੬ ॥

ਧਨਾਸਰੀ ਮਹਲਾ ੫ ॥

ਜਿਸ ਕਉ ਬਿਸਰੈ ਪ੍ਰਾਨ ਪਤਿ ਦਾਤਾ ਸੋਈ ਗਨਹੁ ਅਭਾਗਾ ॥

ਹੇ ਪ੍ਰਾਣੋਂ ਕੇ ਪਤੀ ਪਰਮ ਪ੍ਰਿਅ ਰੂਪ ਜਿਸ ਜਨ ਕੋ ਤੂੰ ਵਿਸਰ ਜਾਤਾ ਹੈਂ ਸੋਈ ਪੁਰਸ ਕੋ ਹਮ ਅਭਾਗ ਗਿਣਤੇ ਹੈਂ ॥

ਚਰਨ ਕਮਲ ਜਾਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥ ੧ ॥

ਔਰ ਜਿਸ ਜਨ ਕਾ ਤੇਰੇ ਚਰਨ ਕਮਲੋਂ ਸਾਥ ਮਨ ਰੰਗਿਆ ਹੈ ਸੋ ਜਨ ਅੰਮ੍ਰਿਤ ਕੇ ਸਰੋਵਰ ਸਤਸੰਗ ਮੈਂ (ਪਾਗਾ) ਖਚਤ ਹੁਆ ਹੈ ॥ ੧ ॥

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ ਆਲਸੁ ਛੀਜਿ ਗਇਆ
ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥

ਹੇ ਵਾਹਿਗੁਰੂ ਤੇਰਾ (ਜਨੁ) ਦਾਸ ਜੋ ਰਾਮ ਨਾਮ ਕੇ (ਰੰਗਿ)ਪ੍ਰੇਮ ਮੈਂ ਜਾਗਿਆ ਹੈ ਤਿਸਕੇ ਸਰੀਰ ਤੇ ਸੰਪੂਰਨ ਆਲਸਦੂਰ ਭਯਾ ਹੈ ਕਿਉਂਕਿ ਹੇ ਪ੍ਰੀਤਮ ਤੇਰੇ ਸਾਥ ਹੀ ਤਿਨਕਾ ਮਨ ਲਾਗਾ ਹੁਆ ਹੈ ॥

ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥

Digitized by Panjab Digital Library | www.panjabdigilib.org

ਤਾਂਤੇ ਹੇ ਨਾਰਾਇਣ ਜਹਾਂ ਜਹਾਂ ਹਮ ਦੇਖਤੇ ਹੈਂ ਤਹਾਂ ਤਹਾਂ ਤੂੰ ਸਰਬ ਘਟੋਂ ਮੈਂ ਪੂਰਨ (ਤਾਗਾ) ਇਸਥਿਤ ਦ੍ਰਿਸਟ ਆਵਤਾ ਹੈਂ ॥

ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥ ੨ ॥ ੧੬ ॥ ੪੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤੇਰੇ ਜਨੋਂ ਨੇ ਨਾਮ ਰੂਪ ਅੰਮ੍ਰਿਤ (ਉਦਕੁ) ਜਲ ਪਾਨ ਕਰਨੇ ਤੇ ਔਰ ਸੰਪੂਰਨ ਪਦਾਰਥੋਂ ਕੇ (ਅਨੁਰਾਗਾ) ਪ੍ਰੇਮ ਤਿਆਗੇ ਹੈਂ ॥ ੨ ॥ ੧੬ ॥ ੪੭ ॥

ਧਨਾਸਰੀ ਮਹਲਾ ੫ ॥

ਜਨਕੇ ਪੂਰਨ ਹੋਏ ਕਾਮ ॥ ਕਲੀ ਕਾਲ ਮਹਾ ਬਿਖਿਆ ਮਹਿ ਲਜਾਰਾਖੀ ਰਾਮ ॥੧॥ਰਹਾਉ॥

ਹਰੀ ਕੇ ਜਨੋਂ ਕੇ ਸਰਬ (ਕਾਮ) ਸੰਕਲਪ ਪੂਰਨ ਭਏ ਹੈਂ ॥ ਕਿਉਂਕਿ ਇਸ ਕਲਯੁਗ ਕੇ ਸਮੇਂਮੈਂਮਹਾਵਿਸਰੂਪਵਿਸਿਅਹੁ ਤੇ ਤਿਨਕੀ ਰਾਮ ਨੇ ਲਜਾ ਰਾਖ ਲਈ ਹੈ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਨਿਕਟਿ ਨ ਆਵੈ ਜਾਮ ॥

ਮਨ ਤਨ ਬਾਣੀ ਸੋ ਪ੍ਰਭ ਅਪਨਾ ਸ੍ਵਾਮੀ ਸਿਮਰਨ ਕਰਨੇ ਤੇ ਤਿਨਕੇ ਨਿਕਟ ਜਮ ਨਹੀਂ ਆਵਤਾ ਹੈ ॥

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥ ੧ ॥

ਤਿਨੋਂ ਕੋ ਮੁਕਤੀ ਔ ਵਈਕੁੰਠ ਸੰਤੋਂ ਕੀ ਸੰਗਤਿ ਹੀ ਹੈ ਤਿਨ ਜਨੋਂ ਨੇ ਸਤਿਸੰਗ ਦ੍ਵਾਰਾ ਹਰੀ ਕਾ ਧਾਮ ਭਾਵ ਸਰੂਪ ਪਾਇ ਲੀਆ ਹੈ ॥ ੧ ॥

ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੁਖ ਬਿਸ੍ਰਾਮੁ ॥

ਵਾਹਿਗੁਰੂ ਕੇ ਚਰਨ ਕਮਲ ਹੀ ਤਿਨ ਹਰਿ ਜਨੋਂਕੋ ਥੈਲੀ ਰੂਪ ਹੈਂ ਜਿਸਤੇ ਤਿਨ ਕੋ ਕਰੋੜੋਂ ਸੁਖੋਂ ਮੈਂ ਬਿਸਰਾਮ ਹੁਆਹੈ॥

ਗੋਬਿੰਦੁ ਦਮੋਦਰ ਸਿਮਰਉ ਦਿਨੁ ਰੈਨਿ ਨਾਨਕ ਸਦ ਕੁਰਬਾਨ ॥ ੨ ॥ ੧੭ ॥ ੪੭ ॥

ਜੋ ਐਸੇ ਹਰਿ ਜਨ ਗੋਬਿੰਦ ਦਮੋਦਰ ਆਦੀ ਨਾਮੋਂ ਕੋ ਦਿਨੇ ਰਾਤ ਸਿਮਰਨ ਕਰਤੇ ਹੈਂ ਸ੍ਰੀ ਗੁਰੂ ਜੀ ਕਹਤੇ ਹੈ ਮੈਂਤਿਨੋਂਪਰ ਸਦਾ ਕੁਰਬਾਨ ਜਾਤਾ ਹੂੰ ॥ ਵਾ ਤਿਸ ਗੋਬਿੰਦ ਦਮੋਦਰ ਕੋ ਮੈਂ ਸਿਮਰਨ ਕਰਤਾ ਹੂੰ ਔਰ ਦਿਨੇ ਰਾਤ ਸਦਾ ਕੁਰਬਾਨ ਜਾਤਾ ਹੂੰ ॥ ੨ ॥ ੧੭ ॥ ੪੮ ॥

ਧਨਾਸਰੀ ਮਹਲਾ ੫ ॥ ਹਰੀ ਕੇ ਸਨਮੁਖ ਬੇਨਤੀ ਕਰਤੇ ਹੈਂ॥

ਮਾਂਗਉ ਰਾਮ ਤੇ ਇਕਦਾਨੁ ॥ ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥੧ ॥ ਰਹਾਉ ॥

ਹੇ ਰਾਮ ਮੈਂ ਏਕ ਆਪ ਤੇਹੀ ਦਾਨ ਮਾਂਗਤਾ ਹੂੰ ਭਾਵ ਦੂਸਰੇ ਪਾਸੋਂ ਮੈਂ ਨਹੀਂ ਮੰਗਦਾ ਹਾਂ ॥ ਜਿਸਤੇ ਸੰਪੂਰਨਮਨੋਰਥਪੂਰਨ ਹੋਤੇ ਹੈਂ ਤਿਸ ਤੁਮਾਰੇ ਨਾਮ ਕੋ ਸਿਮਰਨ ਕਰੂੰ ॥

ਚਰਨ ਤੁਮਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥

ਆਪਕੇ ਚਰਨ ਕਮਲ ਹਮਾਰੇ ਹਿਰਦੈ ਮੇਂ ਵਾਸ ਕਰੈਂ ਵਾ ਜਿਨਕੇ ਰਿਦੇ ਮੈਂ ਵਸਤੇ ਹੈਂ ਤਿਨ ਸੰਤਨ ਕਾ ਸੰਗ ਮੈਂ ਪਾਵੋਂ ॥

ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥

ਜਿਸਤੇ ਸੋਗ ਅਗਨੀ ਮੈਂ ਮੇਰਾ ਮਨ ਨ ਵਿਆਪੈ ਤਿਸ ਤੇਰੇ ਗੁਣੋਂ ਕੋ ਆਠ ਪਹਰ ਹੀ ਗਾਵਣਾ ਕਰੂੰ ॥ ੧ ॥

ਸ੍ਰਸਤਿਬਿਵਸਥਾ ਹਰਿ ਕੀ ਸੇਵਾ ਮਧ੍ਯੰਤ ਪ੍ਰਭੁ ਜਾਪਣ ॥

ਹੇ ਹਰੀ (ਸ੍ਰਸਤਿ)ਦੁਖੋਂ ਸੇ ਰਹਿਤ ਸਮੇਂ ਮੈਂ ਭੀ ਆਪ ਕੀ ਸੇਵਾ ਕਰੂੰ ਔਰ ਦੁਖੋਂ ਕੇ (ਮਧ੍ਯੰ) ਬੀਚ ਦੀ ਔਰ (੩) ਔਰ ਸਮੇਂ ਹੇ ਪ੍ਰਭੂ ਤੇਰੇ ਨਾਮ ਕਾ ਹੀ ਜਪਨਾ ਕਰੂੰ । ਵਾ (ਮਧ੍ਯੰਤ) ਅੰਤ ਕੇ ਸਮੇਂ ਕੇ ਬੀਚ ਤੇਰਾ ਜਾਪ ਕਰੂੰ ਵਾ(ਸ੍ਰਸਤਿ) ਬਾਲਕ ਅਵਸਥਾ ਅਰ (ਮਧ) ਜੁਬਾ ਅਰ ਅੰਤ ਬ੍ਰਿਧ ਅਵਸਥਾ ਮੇਂ ਤੇਰਾ ਜਾਪ ਕਰਾਂ ॥

ਨਾਨਕ ਰੰਗ ਲਗਾ ਪ੍ਰਮੇਸਰ ਬਾਹੁੜਿ ਜਨਮ ਨ ਛਾਪਣ ॥ ੨ ॥ ੧੮ ॥ ੪੯ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਪਰਮੇਸਰ ਜਿਨ ਪੁਰਸ਼ੋਂ ਕੋ ਤੇਰਾ (ਰੰਗ) ਪ੍ਰੇਮ ਲਗਾ ਹੈ ਸੋ ਨਾ ਤੋ ਫੇਰ ਜਨਮਤੇ ਹੈਂ ਅਰ ਨਾ (ਛਾਪਣ) ਛਪਤੇ ਭਾਵ ਮਰਤੇ ਹੈਂ । ਵਾ ਹੇ ਪਰਮੇਸਰ ਮੇਰਾ ਤੇਰੇ ਸਰੂਪ ਮੈਂ ਰੰਗ ਲਗਾ ਰਹੇ ਮੈਂ ਫੇਰ ਜਨਮਾ ਅਰ ਮਰਾ ਨਹੀਂ ॥ ੨ ॥ ੧੮ ॥ ੪੯ ॥

ਧਨਾਸਰੀ ਮਹਲਾ ੫ ॥ ਮਾਂਗਉ ਰਾਮ ਤੇ ਸਭਿ ਥੋਕ ॥

ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥ ੧ ॥ ਰਹਾਉ ॥

ਹੇ ਰਾਮ ਮੈਂ ਤੁਝਤੇ ਹੀ ਸਰਬ (ਥੋਕ) ਪਦਾਰਥ ਮਾਂਗਤਾ ਹੂੰ ਕਿਉਂਕਿ ਔਰ ਮਾਨੁਖ ਸੇ ਮਾਂਗਣੇ ਤੇ (ਸ੍ਰਮੁ) ਕਸ਼ਟ ਪਾਈਤਾ

Digitized by Panjab Digital Library | www.panjabdigilib.org

ਹੈ ਹੇ ਪ੍ਰਭੂ ਆਪਕੇ ਸਿਮਰੇ ਤੇ ਮੋਖ ਹੋਤੀ ਹੈ ॥

ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾ ਬੇਦ ਪੁਕਾਰਹਿ ਘੋਖ ॥

ਮੁਨੀ ਜਨੋਂ ਨੇ ਸਿਮ੍ਰਤੀਆਂ ਔ ਪੁਰਾਨ(ਘੋਖ)ਖੋਜੇ ਹੈਂ ਔਰ ਵੇਦੋਂ ਕੋ ਵੀਚਾਰ ਕਰ ਭੀ ਮਹਾਤਮਾਜਨਇਹੀ ਪੁਕਾਰਤੇ ਹੈਂ ॥

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥ ੧ ॥

ਕਿਰਪਾ ਕੇ ਸਮੁੰਦਰ ਵਾਹਿਗੁਰੂ ਕੋ ਸੇਵ ਕਰਕੇ ਸਚ ਸਰੂਪ ਪਾਈਤਾ ਹੈ ਤਾਂਤੇ ਜੋ ਸੇਵਤੇ ਹੈਂ ਸੋਈ ਦੋਨੋਂ ਲੋਕ ਮੈਂ (ਸੁਹੇਲੇ) ਸੁਖੀ ਹੋਤੇ ਹੈਂ ਵਾ ਦੋਨੋਂ ਲੋਕ ਤਿਨਕੋ ਸੁਖਦਾਈ ਹੋਤੇ ਹੈਂ ॥ ੧॥

ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥

ਔਰ ਜੋ (ਅਚਾਰ) ਕਰਮ ਹੈਂ ਔਰ ਜਿਤਨੇ ਵਿਵਹਾਰ ਹੈਂ ਸੋ ਸੰਪੂਰਨ ਹਰੀ ਕੇ ਸਿਮਰਨ ਤੇ ਬਿਨਾਂ (ਫੋਕ) ਫੋਗ ਵਤ ਖਾਲੀ ਭਾਵ ਬਿਅਰਥ ਹੈਂ ॥

ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ॥ ੨ ॥ ੧੯ ॥ ੫੦ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਸੰਤੋਂ ਕੋ ਮਿਲ ਕਰ ਜਨਮ ਮਰਨ ਕੇ ਭੈ ਕਾਟੇ ਹੈਂ ਔਰ ਸੰਪੂਰਨ ਸ਼ੋਕ ਬਿਨਸੇ ਅਰਥਾਤ ਦੂਰ ਭਏ ਹੈਂ ॥ ੨ ॥ ੧੯ ॥ ੫੦ ॥

ਧਨਾਸਰੀ ਮਹਲਾ ੫ ॥ ਤ੍ਰਿਸਨਾ ਬੁਝੈ ਹਰਿਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥ ੧ ॥ ਰਹਾਉ ॥

ਹੇ ਹਰੀ ਤੇਰੇ ਨਾਮ ਕਰਕੇ ਹੀ ਤ੍ਰਿਸਨਾ ਅਗਨੀ ਬੁਝਤੀ ਹੈ ਭਾਵ ਸੇ ਦੂਰ ਹੋਤੀ ਹੈ ਗੁਰੋਂ ਕੇ ਉਪਦੇਸ਼ ਰੂਪ ਬਚਨੋਂ ਕਰਕੇ ਮਹਾਂ ਸੰਤੋਖ ਹੋਤਾ ਹੈ ਔ ਹੇ ਹਰੀ ਤੇਰੇ ਸਾਥ ਸਹਜੇ ਹੀ ਧਿਆਨ ਲਾਗਤਾ ਹੈ ॥

ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥

ਮਾਇਆ ਕੇ (ਕਲੋਲ) ਤਰੰਗ ਜੋ ਬਡੇ ਸੰਕਲਪ ਰੂਪ ਹੈਂ ਸੋ ਤਬ ਬੁਝ ਜਾਤੇ ਹੈਂ ਜਬ ਹੇ ਮੇਰੇ ਦੀਨ ਦਿਆਲ ਤੁਮ ਕਿਰਪਾ ਕਰਤੇ ਹੋ ॥

ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥ ੧ ॥

ਤਾਂਤੇਅਪਨਾਨਾਮਮੇਰੇਕੋਦੇਵੋ ਜਿਸਕੋਜਪਕਰਕੇ ਮੈਂ ਜੀਵਣਾ ਕਰੂੰ ਔਰ ਜਿਸਤੇ ਮੈਂ ਤੇਰੈਦਾਸ ਕੀ(ਘਾਲ)ਸੇਵਾਪੂਰਨਹੋਵੈ॥੧॥

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥

ਸੰਪੂਰਨ ਮਨੋਰਥੋਂ ਕੋ ਪਾਇ ਕਰ ਰਾਜ ਸੁਖ ਕਾ (ਰਸ) ਅਨੰਦ ਔ ਖੁਸ਼ੀਆਂ ਤਿਨਕੋ ਸਦਾ ਪ੍ਰਾਪਤਿ ਹੈਂ ਜੋ ਤੇਰੇ ਨਾਮਅਰ ਕੀਰਤਨ ਕਾ ਜਾਪ ਕਰਤੇ ਹੈਂ ॥

ਜਿਸਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ ॥ ੨ ॥ ੨੦ ॥ ੫੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਕਰਤੇ ਜਿਸਕੇ ਮਸਤਕ ਮੈਂ (ਧੁਰਿ)ਆਦੋਂ ਹੀ ਕਰਮ ਲਿਖਿਆਹੈਨਾਮਜਾਪਸੇਤਿਸਵਡਿਭਾਗੀ ਕੇ ਸਰਬ ਸੰਕਲਪ ਪੂਰਨ ਭਏ ਹੈਂ ॥ ੨ ॥ ੨੦ ॥ ੫੧ ॥

ਧਨਾਸਰੀ ਮਃ ੫ ॥ ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥

ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ ॥ ੧ ॥ ਰਹਾਉ ॥

ਮੈਂ ਜਨ ਕੀ ਹੇ ਪਾਰਬ੍ਰਹਮ ਤੂੰ ਹੀ (ਸਾਰ) ਸੰਭਾਲ ਕਰੀ ਹੈ ਤਿਸਤੇ ਨਿੰਦਕ ਮੂਲ ਤੇ ਹੀ ਟਿਕਣਾ ਨਹੀਂ ਪਾਵਤੇ ਹੈਂ ਅਰ ਸਰਬ ਵਿਕਾਰ ਭੀ ਉਡ ਗਏ ਭਾਵ ਦੂਰ ਭਏ ਹੈਂ ॥ ੧ ॥

ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ ॥

ਹੇ ਸ੍ਵਾਮੀ ਜਹਾਂ ਜਹਾਂ ਮੈਂ ਦੇਖਤਾ ਹੂੰ ਤਹਾਂ ਤਹਾਂ ਤੂੰ ਹੀ ਦ੍ਰਿਸਟ ਆਵਤਾ ਹੈਂ ਤਿਸੀਤੇ ਕੋਈ ਸਤ੍ਰੂ ਮੇਰੇਸਾਥਪਹੁੰਚਨਹਾਰਨਹੀਂ ਹੈ ॥ ਭਾਵ ਸੇ ਕੋਈ ਦੁਖ ਨਹੀਂ ਦੇ ਸਕਤਾ ॥

ਜੋ ਜੋ ਕਰਹਿ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ ॥ ੧ ॥

ਜੋ ਜੋ ਪੁਰਸ ਤੇਰੇ ਪਾਸ ਕੀ ਅਵਗਿਆ ਕਰਤਾ ਹੈ ਸੋ ਤਾਤਕਾਲ ਹੀ ਛਾਰ ਅਰਥਾਤ ਭਸਮ ਭਯਾ ਹੈ ॥ ੧ ॥

ਕਰਨਹਾਰੁ ਰਖਵਾਲਾ ਹੋਆ ਜਾਕਾ ਅੰਤੁ ਨ ਪਾਰਾਵਾਰ ॥

ਜਿਸ ਤੇਰਾ ਕੋਈ ਅੰਤ ਪਾਰਾਵਾਰ ਨਹੀਂ ਹੈ ਸੋ ਤੂੰ ਕਰਨਹਾਰ ਮੇਰਾ ਰਖਵਾਲਾ ਹੈਂ ॥

ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥ ੨ ॥ ੨੧ ॥ ੫੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਪ੍ਰਭੂ ਤੈਨੇ ਅਪਨੇ ਦਾਸ ਆਪ ਰਾਖੇ ਹੈਂ ਔਰ ਨਿੰਦਕ ਮਾਰ ਕਰ ਕਾਢ ਦੀਏ ਹੈਂ ਭਾਵਸੇਅਪਨੇ

Digitized by Panjab Digital Library | www.panjabdigilib.org

ਦਾਸੋਂ ਕਾ ਤੂੰ ਹੀ ਰਖਜਕ ਹੈਂ ॥ ੨ ॥ ੨੧ ॥ ੫੨ ॥

ਧਨਾਸਰੀ ਮਹਲਾ ੫ ਘਰੁ ੯ ॥ ਪੜਤਾਲ ॥ ੧ ੴ ਸਤਿਗੁਰਪ੍ਰਸਾਦਿ ॥

ਪੜਤਾਲ ਛੰਦ ਕੀ ਚਾਲ ਕਾ ਨਾਮ ਹੈ ॥ ਸ੍ਰੀ ਅਕਾਲ ਪੁਰਖ ਜੀ ਕੇ ਸਨਮੁਖ ਜਾਚਨਾ ਰੂਪ ਬੇਨਤੀ ਕਰਤੇ ਹੈਂ ॥

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ ॥

ਹੇ ਹਰੀ ਗੋਵਿੰਦ ਦੁਖੋਂ ਕੇ ਨਾਸ ਕਰਤਾ ਮੈਂ ਤੇਰੇ ਚਰਨੋਂ ਕੀ ਸਰਨ ਹੁਆ ਹੂੰ ਤਾਂਤੇ ਮੈਂ ਅਪਨੇ ਦਾਸ ਕੋਨਾਮਦਾਨਦੀਜੀਏ॥

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥

ਹੇ ਪ੍ਰਭੂ ਅਪਨੀ ਕ੍ਰਿਪਾ ਦ੍ਰਿਸਟੀ ਮੇਰੇ ਪਰ ਧਾਰਨ ਕਰਕੇ ਸੰਸਾਰ ਸਮੁੰਦਰ ਸੇ ਤਾਰੋ ਔਰ ਅਗਿਆਨ ਰੂਪੀ ਕੂਪ ਤੇ ਮੁਝ ਦਾਸ ਕੀ ਭੁਜਾ ਪਕੜ ਕਰਕੇ ਕਾਢ ਲੇਵੋ ॥

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥

ਇਹ ਜੀਵ ਕਾਮ ਕ੍ਰੋਧ ਕਰ ਅੰਧਾ ਹੂਆ ਮਾਇਆ ਕੇ ਬੰਧਨ ਮੈਂ ਪੜਾ ਹੈ ਪੁਨਾ ਅਨੇਕ (ਪੂਰੇ) ਪੂਰਨ ਦੋਸੋਂ ਕਰ ਭਾਵ ਸੇ ਥੋੜੇ ਦੋਸ ਨਹੀਂ ਅਤਯੰਤ ਦੋਸੋਂ ਕਰਕੇ ਤਨ ਇਸਕਾ ਅਛਾਦਨ ਹੋਇ ਰਹਾ ਹੈ ॥

ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥ ੧ ॥

ਹੇ ਪ੍ਰਭੂ ਤੁਝ ਬਿਨਾ ਇਸਕੀ ਔਰ ਕੋਈ ਰਖਜਾ ਕਰਨੇਵਾਲਾ ਨਹੀਂ ਹੈ ਆਪੁ ਅਪਨਾ ਨਾਮ ਜਪਾਵੋ ਕਿਉਂਕਿ ਆਪਸਰਣ ਸੂਰੇ ਹੋ ਜੋ ਪੁਰਸ ਸ਼ਰਣ ਆਏ ਕੋ ਦੁਸਮਨੋਂ ਕੋ ਦੇਵੇ ਨਹੀਂ ਸੋ ਸਰਣ ਸੂਰਾ ਕਹੀਤਾ ਹੈ ॥ ੨ ॥

ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ ॥

ਹੇ ਪਾਪੀਓਂ ਕੇ ਉਧਾਰਨੇ ਹਾਰੇ ਔ ਸੂਖਮ ਅਸਥੂਲ ਸਰਬ ਜੀਅ ਜੰਤ ਕੇ ਤਾਰਨੇਹਾਰੇ ਆਪਕੇ ਜਸ ਕੋ ਵੇਦ ਨੇ (ਉਚਾਰ) ਕਹਿਕੇ ਅੰਤ ਨਹੀਂ ਪਾਯਾ ਹੈ ॥

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ॥ ੨ ॥ ੧ ॥ ੫੩॥

ਹੇ ਗੁਣੋਂ ਔ ਸੁਖੋਂ ਕੇ ਸਮੁੰਦ ਹੇ ਬ੍ਰਹਮ ਸਰੂਪ (ਰਤਨਾਗਰਾ) ਰਤਨੋਂ ਕੀ ਖਾਣ ਸ੍ਰੀ ਗੁਰੂ ਜੀ ਕਹਿਤੇ ਹੈਂ ਆਪਕੋ ਵੇਦੋਂ ਨੇ ਭਗਤੋਂ ਕਾ ਪਿਆਰਾ ਗਾਯਨ ਕੀਆ ਹੈ ॥ ੨ ॥ ੧ ॥ ੫੩ ॥

ਧਨਾਸਰੀ ਮਹਲਾ ੫ ॥

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥

ਇਸ ਲੋਕ ਮੈਂ ਸੁਖ ਕਰਨੇ ਹਾਰਾ ਹੈ ਔ ਪ੍ਰਲੋਕ ਮੈਂ ਸੁਖ ਦੇ ਕਰਨੇ ਹਾਰਾ ਹੈ ਜੋ ਨਿਤ ਸੁਖਕੇ ਦੇਨੇਹਾਰਾ ਤੇਰਾ ਸਿਮਰਨਹੈਹੇ ਗੋਬਿੰਦ ਤੂੰ ਐਸੀ ਕਿਰਪਾ ਕਰ ਜਿਸ ਤੇ ਆਪਕਾ ਨਾਮ ਸਦਾ (ਲੀਜੈ) ਲਈਏ ਅਰਥਾਤ ਉਚਾਰਨ ਕਰੀਏ ॥

ਮਿਟਹਿ ਕਮਾਣੇ ਪਾਪ ਚਿਰਾਣੇ ਸਾਧ ਸੰਗਤਿ ਮਿਲਿ ਮੁਆ ਜੀਜੈ ॥ ੧ ॥ ਰਹਾਉ ॥

ਜਿਸ ਆਪਕੇ ਨਾਮ ਸੇ ਚਿਰੰਕਾਲ ਕੇ ਅਰਥਾਤ ਅਨੇਕ ਜਨਮੋਂ ਕੇ ਜੋ ਪਾਪ ਕੀਏ ਹੂਏ ਹੈਂ ਸੋ ਸਭੀ ਮਿਟ ਜਾਤੇ ਹੈਂ ਭਾਵ ਦੂਰ ਹੋਤੇ ਹੈਂ ਔਰ ਤੇਰੇ ਸੰਤੋਂ ਕੀ ਸੰਗਤਿ ਮੈਂ ਮਿਲਕਰ (ਮੁਆ) ਮ੍ਰਿਤਕ ਹੂਆ ਜੀਵ ਜੀਵ ਪੜਤਾ ਹੈ ਭਾਵਜੀਵਤੇਈਸ੍ਵਰ ਰੂਪ ਹੋਤਾ ਹੈ ॥ ੧ ॥

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥

ਹੇ ਹਰੀ ਤੇਰੀ ਮਾਯਾ ਨੇ ਰਾਜ ਜੋਬਨ ਮੈਂ ਲਗਾਇ ਕਰ ਇਸ ਜੀਵ ਕੋ ਤੁਝ ਸੇ ਵਿਸਰਾਇ ਦੀਆ ਹੈ। ਇਹੀਇਸਕੋਵਡਾ ਭਾਰੀ ਦੁਖ ਹੈ ਐਸੇ ਆਪਕੇ ਸੰਤ (ਮਹਾਂਤ) ਮਹਾਤਮਾ ਉਚਾਰਨ ਕਰਤੇ ਹੈਂ ॥

ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗ ਵੰਤੁ ਲਹੈ ॥ ੧ ॥

ਹੇ ਹਰੀ ਤੇਰੇ ਨਾਮ ਕੀਰਤਨ ਕੇ (ਰਮਣ) ਉਚਾਰ ਕਰਨੇ ਕੀ ਆਸਾ ਕੇ ਪਿਆਸਵੰਤ ਹੋਣਾ ਇਹੁ ਪਦਾਰਥ ਕੋਈ ਭਾਗੋਂ-ਵਾਲਾ ਹੀ ਲੇਤਾ ਹੈ ਭਾਵ ਸੇ ਕਿਸੀ ਭਾਗੋਂ ਵਾਲੇ ਕੋ ਤੇਰਾ ਸਿਮਰਨ ਪ੍ਰਾਪਤਿ ਹੋਤਾ ਹੈ ॥ ੧ ॥

ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ ॥

ਹੇ ਸਰਣ ਆਇਓਂ ਕੀ ਰਖਜਾ ਕਰਨੇ ਕੋ ਸਮਰਥ (ਅਕਥ)ਅਕਹ ਔ ਇੰਦ੍ਰਿਓਂ ਤੇ ਅਗੋਚਰ ਵਾਹਿਗੁਰੂ ਤੇਰਾ ਨਾਮਹੀ ਪਾਪੀਓਂ ਕੇ ਉਧਾਰਨੇਹਾਰਾ ਹੈ ॥

ਅੰਤਰਜਾਮੀ ਨਾਨਕ ਕੇ ਸੁਆਮੀ ਸਰਬਤ ਪੂਰਨ ਠਾਕੁਰੁ ਮੇਰਾ ॥ ੨ ॥ ੨ ॥ ੫੪ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਅੰਤਰਜਾਮੀ ਮੈਂ ਦਾਸ ਕੇ ਸੁਆਮੀ ਤੂੰ ਮੇਰਾ ਠਾਕਰ ਸਰਬ (ਪੂਰਨ) ਵਿਆਪਕ ਸਰੂਪ ਹੈਂ ॥ ੨ ॥ ੨ ॥ ੫੪ ॥

Digitized by Panjab Digital Library | www.panjabdigilib.org

ਧਨਾਸਰੀ ਮਹਲਾ ੫ ਘਰੁ ੧੨ ॥

੧ ੴ ਸਤਿਗੁਰਪ੍ਰਸਾਦਿ ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥

ਹੇ ਭਾਈ ਮਨ ਤਨ ਸੇ ਬੰਦਨਾ ਕਰਕੇ ਤਿਸ ਹਰੀ ਗੋਪਾਲ ਰਾਇ ਕੇ ਗੁਣੋਂ ਕੋ ਗਾਇਨ ਕਰੋ ॥

ਵਡੈ ਭਾਗ ਭੇਟੇ ਗੁਰ ਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥ ੧ ॥

ਜਿਨਕਉ ਵਡੇ ਭਾਗੋਂ ਕਰ (ਦੇਵਾ) ਪ੍ਰਕਾਸ਼ ਰੂਪ ਸਤਿਗੁਰੂ ਮਿਲੇ ਹੈਂ ਤਿਨੋਂ ਨੇ ਹਰੀ ਕੋ ਸੇਵਿਆ ਹੈ ਇਸੀ ਤੇ ਤਿਨਕੇ ਕ੍ਰੋੜੋਂ ਅਪਰਾਧ ਮਿਟ ਗਏ ਹੈਂ ॥ ੧ ॥

ਚਰਨ ਕਮਲ ਜਾਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥ ੨ ॥

ਜਿਸਕਾ ਮਨ ਪ੍ਰਭੂ ਕੇ ਚਰਣ ਕਮਲੋਂ ਮੈਂ ਪ੍ਰੇਮ ਸਾਥ (ਰਾਪੈ) ਰੰਗਿਆ ਹੈ ਤਿਸ ਜਨ ਕੋ ਸੋਗ ਕੀ ਅਗਨੀ ਵਿਆਪਤੀ ਨਹੀਂ ॥ ੨ ॥

ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥ ੩ ॥

ਔ ਸਤਿ ਸੰਗ ਕਰਕੇ ਤਿਨੋਂ ਨੇ ਸੰਸਾਰ ਸਮੁੰਦਰ ਤਰਿਆ ਹੈ ਤਿਸੀ ਤੇ ਮੈਂ ਹਰੀ ਨਿਰਭਉ ਕਾ ਨਾਮ (ਰੰਗੇ) ਪ੍ਰੇਮ ਕਰ ਜਪਤਾ ਹੂੰ ॥ ੩ ॥

ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥ ੪ ॥

(ਪਰ ਧਨ) ਚੁਰਾਵਣ ਆਦੀ ਦੋਸ਼ ਔਰ ਭੀ (ਕਿਛੁ) ਰੰਚਕ ਮਾਤ੍ਰ ਕੋਈ ਪਾਪ ਜਿਨੋਂ ਨੇ ਨਹੀਂ (ਫੇੜੇ) ਕਰੇ ਹੈਂ ਜਮ ਜੰਦਾਰ ਰੂਪ ਤਿਨਕੇ ਨਿਕਟ ਨਹੀਂ ਆਵਤਾ ਹੈ ॥ ੪ ॥

ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥ ੫॥ ੧ ॥ ੫੫ ॥

ਤਿਨੋਂ ਕੀ ਤ੍ਰਿਸ਼ਨਾ ਅਗਨੀ ਪ੍ਰਭੂ ਨੇ ਆਪ ਬੁਝਾਈ ਭਾਵ ਦੂਰ ਕਰੀ ਹੈ। ਸ੍ਰੀ ਗੁਰੂ ਜੀ ਕਹਿਤੇ ਹੈਂ ਵਹੁ ਪ੍ਰਭੂਕੀ ਸਰਣਾਈ ਹੋਕਰ ਸੰਸਾਰ ਸੇ (ਉਧਰੇ) ਤਰ ਗਏ ਹੈਂ ॥ ੫ ॥ ੧ ॥ ੫੫ ॥

ਧਨਾਸਰੀ ਮਹਲਾ ੫ ॥ ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥

ਮਨਿ ਤਨਿ ਰਸਨਾ ਨਾਮੁ ਧਿਆਇਆ ॥ ੧ ॥

ਜਿਨੋਂ ਨੇ ਗੁਰੋਂ ਦੁਆਰੇ ਸਚ ਨਾਮ ਜਾਪ ਕਾ ਭੋਜਨ ਖਾਇਆ ਹੈ ਤਿਨਕੀ ਬੁਧੀ ਤ੍ਰਿਪਤਿ ਭਈ ਹੈ ਔ ਤਿਨੋਂ ਨੇ ਹੀ ਮਨ ਤਨ ਕਰਕੇ ਵਾਹਿਗੁਰੂ ਕਾ ਨਾਮ ਰਸਨਾ ਕਰ ਜਪਿਆ ਹੈ ॥ ੧ ॥

ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧ ਸੰਗਿ ॥ ੧ ॥ ਰਹਾਉ ॥

ਹੇ ਭਾਈ ਸਤਿ ਸੰਗ ਦੁਆਰਾ ਹਰਿ ਹਰਿ ਨਾਮ ਕੋ ਜਪ ਕਰਕੇ ਤੀਨੋਂ ਕਾਲ ਮੈਂ ਜੀਵਨਾ ਹੋਤਾ ਹੈ ॥

ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥ ੨ ॥

ਤਿਨੋਂ ਨੇ ਅਪਨੇ ਸਰੀਰ ਕੋ ਅਨੇਕ ਪ੍ਰਕਾਰੋਂ ਕੇ ਇਹੀ ਬਸਤ੍ਰ (ਓਢਾਏ) ਪਹਰਾਏ ਹੈਂ ਜੋ ਦਿਨੇ ਰਾਤ੍ ਹਰੀ ਕੇ ਗੁਣੋਂ ਕਾ ਗਾਇਨ ਕਰਤੇ ਹੈਂ ॥੨ ॥

ਹਸਤੀ ਰਥ ਅਸੁ ਅਸਵਾਰੀ ॥ ਹਰਿ ਕਾ ਮਾਰਗੁ ਰਿਦੈ ਨਿਹਾਰੀ ॥ ੩ ॥

ਹਸਤੀ ਔ ਰਥ (ਅਸ) ਘੋੜੇ ਆਦਿਕੋਂ ਕੀ ਤਿਨੋਂ ਨੇ ਇਹੀ ਅਸਵਾਰੀ ਕਰੀ ਹੈ ਜੋ ਹਰੀ ਕਾ ਰਸਤਾ ਰਿਦੇ ਮੇਂ (ਨਿਹਾਰੀ) ਦੇਖਤੇ ਹੈਂ ॥ ੩ ॥

ਮਨ ਤਨ ਅੰਤਰਿ ਚਰਨ ਧਿਆਇਆ ॥ ਹਰਿ ਸੁਖ
ਨਿਧਾਨ ਨਾਨਕ ਦਾਸਿ ਪਾਇਆ ॥ ੪ ॥ ੨ ॥ ੫੬ ॥

ਮਨ ਤਨ ਕੇ ਅੰਤਰ ਜਿਨੋਂ ਨੇ ਹਰੀ ਕੇ ਚਰਨੋਂ ਕੋ ਧਿਆਇਆ ਹੈ॥ਸ੍ਰੀ ਗੁਰੂ ਜੀ ਕਹਿਤੇ ਹੈਂ ਤਿਨ ਹਰੀਕੇਦਾਸੋਂਨੇਸੁਖੋਂ ਕਾ ਨਿਧਾਨ ਪ੍ਰਭੂ ਪਾਇਆ ਹੈ ॥ ੪ ॥ ੨ ॥ ੫੬ ॥

ਧਨਾਸਰੀ ਮਹਲਾ ੫ ॥

ਗੁਰ ਕੇ ਚਰਨ ਜੀਅ ਕਾ ਨਿਸਤਾਰਾ॥ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ਰਹਾਉ॥

ਹੇ ਭਾਈ ਗੁਰੋਂ ਕੇ ਚਰਨ ਹੀ ਜੀਵ ਕਾ ਨਿਸਤਾਰਾ ਕਰਨੇ ਹਾਰੇ ਹੈਂ ਜਿਨ ਗੁਰੋਂ ਨੇ ਇਹ ਸੰਸਾਰ ਸਮੁੰਦਰ ਸੇ ਜੀਵ ਕੋਖਿਨ ਮੈਂ ਤਾਰਿਆ ਹੈ ॥ ੧ ॥

ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥ ਦਾਸੀਂ ਹਰਿ ਕਾ ਨਾਮੁ ਧਿਆਇਆ ॥ ੧ ॥

Digitized by Panjab Digital Library | www.panjabdigilib.org

ਜੈਤਸਰੀ ਮਹਲਾ ੫ ॥ ਪੁਨਾ ਵਹੀ ਪ੍ਰੀਤੀ ਜਨਾਵਤੇ ਹੈਂ ॥

ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥ ਕਰਿ ਕਿਰਪਾ ਸਾਧੂ
ਸੰਗਿ ਭੇਟੇ ਪੂਰਨ ਪੁਰਖੁ ਸੁਜਾਨ ॥ ੧ ॥ ਰਹਾਉ ॥

ਹੇ ਮੇਰੇ ਪ੍ਰਾਨ ਰੂਪ ਵਾਹਿਗੁਰੂ ਆਪ ਮੇਰੇ ਮਨ ਤਨ ਮੈਂ ਵਸ ਰਹੇ ਹੋ ਕਿਉਂਕਿ ਕਿਰਪਾ ਕਰਕੇ ਸੰਤੋਂ ਕੀ ਸੰਗਤ ਮੈਂ ਪੂਰਨ ਪੁਰਖ ਸੁਜਾਨ ਸਤਿਗੁਰੂ ਮੇਰੇ ਕੋ ਮਿਲੇ ਹੈਂ ॥

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ ॥

ਜਿਨੋਂ ਕੋ ਸਤਿਗੁਰੋਂ ਨੇ ਪ੍ਰੇਮ ਕੀ ਠਗ ਬੂਟੀ ਪਾਈ ਹੈ ਤਿਨੋਂ ਨੇ ਹੀ ਇਹ ਭਾਰੀ ਅੰਮ੍ਰਿਤ ਰਸ ਪੀਆ ਹੈ ॥

ਤਾਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮਾਰੀ ॥ ੧ ॥

ਤਿਨਕੀ ਕੀਮਤਿ ਕਹੀ ਨਹੀਂ ਜਾਤੀ ਹੈ ਅਰ ਤਿਨਕੇ ਜਸ ਕਹਣੇ ਕੀ ਹਮਾਰੀ ਕਿਆ ਕੁਦਰਤਿ ਹੈ ਭਾਵ ਸੇ ਤਿਸਕੀ ਮਹਿੰਮਾ ਬਿਅੰਤ ਹੈ ॥ ੧ ॥

ਲਾਇ ਲਏ ਲੜਿ ਦਾਸ ਜਨ ਅਪੁਨੇ ਉਧਰੇ ਉਧਰਨ ਹਾਰੇ ॥

ਜੋ ਜਨ ਦਾਸ ਜਾਨ ਕਰ ਸਤਿਗੁਰੋਂ ਨੇ ਅਪਨੇ ਲੜ ਲਾਇ ਲਏ ਹੈਂ ਭਾਵ ਸੇ ਚਰਨੀਂ ਲਾਏ ਹੈਂ ਸੋ ਉਧਰਨੇ ਹਾਰੇ ਇਸ ਸੰਸਾਰ ਸਮੁੰਦਰ ਸੇ ਉਧਰੇ ਹੈਂ ਭਾਵ ਸੇ ਕਲਿਆਨ ਕੋ ਪ੍ਰਾਪਤਿ ਭਏ ਹੈਂ ॥

ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ ਨਾਨਕ ਸਰਣਿ ਦੁਆਰੇ ॥ ੨ ॥ ੭ ॥ ੧੧ ॥

ਕਿਉਂਕਿ ਤਿਨੋਂ ਨੇ ਮਨ ਤਨ ਬਾਣੀ ਕਰਕੇ ਪ੍ਰਭੂ ਕੋ ਸਿਮਰ ਕਰਕੇ ਸੁਖ ਪਾਇਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਹਮ ਤਿਨ

Digitized by Panjab Digital Library | www.panjabdigilib.org

ਸਤਿਗੁਰੋਂ ਕੇ ਦੁਆਰੇ ਕੀ ਸ਼ਰਣ ਹੈਂ ॥ ੨ ॥ ੭ ॥ ੧੧ ॥

ਜੈਤਸਰੀ ਮਹਲਾ ੫ ॥ ਸਨਮੁਖ ਬੇਨਤੀ ਕਰਤੇ ਹੈਂ ॥

ਆਏ ਅਨਿਕ ਜਨਮ ਭ੍ਰਮਿ ਸਰਣੀ ॥ ਉਧਰੁ ਦੇਹ
ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥ ੧ ॥ਰਹਾਉ ॥

ਹੇ ਵਾਹਿਗੁਰੂ ਅਨੇਕ ਜਨਮੋਂ ਮੈਂ ਭਰਮ ਕਰ ਅਬ ਤੇਰੀ ਸ਼ਰਣੀ ਆਏ ਹੈਂ ਤਾਂਤੇ ਇਸ ਸੰਸਾਰ ਰੂਪੀ ਅੰਧੇਰੇ ਕੂਏ ਸੇ ਮੇਰੇ ਕੋ ਉਧਾਰ ਦੇਵੋ ਔਰ ਅਪਨੀ ਚਰਨੀ ਲਗਾਇ ਲੇਵੋ ॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥

ਗਿਆਨ ਧਿਆਨਾਦੀ (ਕਛੁ) ਰੰਚਕ ਮਾਤ੍ਰ ਕੋਈ ਸ਼ੁਭ ਕਰਮ ਕਰਨਾ ਨਹੀਂ ਜਾਨਤਾ ਹੂੰ ਔ ਨਾ ਮੇਰੇ ਮੈਂ ਨਿਰਮਲ ਕਰਨੀ ਹੈ। ਅਰਥਾਤ ਭਗਤੀ ਭੀ ਨਹੀਂ ਹੈ ॥

ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥ ੧ ॥

ਤਾਂਤੇ ਹੇ ਹਰੀ ਮੇਰੇ ਕੋ ਸੰਤੋਂ ਕੀ ਸੰਗਤ ਕੇ (ਅੰਚਲ) ਲੜ ਲਾਵੋ ਜਿਸਤੇ ਇਹ ਮਾਯਾ ਰੂਪ (ਬਿਖਮ) ਕਠਨ ਨਦੀ ਤਰੀ ਜਾਵੈ ॥ ੧ ॥

ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥

ਇਹ ਸੁਖ ਰੂਪ ਜੋ ਸੰਪਤਾ ਹੈ ਔਰ ਮਾਯਾ ਕੇ ਰਸ ਜੋ ਮੀਠੇ ਹੈਂ ਇਨਕੀ ਪ੍ਰੀਤੀ ਮਨ ਮੈਂ ਮੈਂਨੇ ਧਰਨੀ ਨਹੀਂ ਕਰੀ ਹ ॥

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥ ੨ ॥ ੮ ॥ ੧੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਹਰੀ ਸਤਿਸੰਗ ਰੂਪੀ (ਆਭਰਣੋ) ਮਟੋ ਸੇ ਤੇਰੇ ਹਰਿ ਨਾਮ ਕਾ ਰੰਗ ਮਨ ਕੋ ਚੜਾਇ ਕਰਕੇ ਮੈਂ ਦਾਸ ਤੇਰੇ ਦਰਸਨ ਕੋ ਪਾਵਤਾ ਹੁਆ ਤ੍ਰਿਪਤਿ ਰਹਿਤਾ ਹੂੰ ॥ ੨ ॥ ੮ ॥ ੧੨ ॥

ਜੈਤਸਰੀ ਮਹਲਾ ੫ ॥

ਨਾਮ ਸਿਮਰਨ ਕਾ ਉਪਦੇਸ਼ ਕਰਤੇ ਹੈਂ ॥

ਹਰਿ ਜਨ ਸਿਮਰਹੁ ਹਿਰਦੈ ਰਾਮ ॥

ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥ ੧ ॥ ਰਹਾਉ ॥

ਹੇ ਹਰੀ ਕੇ ਜਨੋਂ ਹ੍ਰਿਦੇ ਕੇ ਬੀਚ ਹਰੀ ਕਾ ਨਾਮ ਹੀ ਸਿਮਰਨ ਕਰੋ ਕਿਉਂਕਿ ਹਰਿ ਸਿਮਰਨ ਵਾਲੇ ਹਰਿ ਜਨੋਂ ਕੇ ਨਿਕਟ ਅਪਦਾ ਨਹੀਂ ਆਵਤੀ ਹੈ ਔਰ ਤਿਨ ਹਰਿ ਦਾਸੋਂ ਕੇ ਸਰਬ ਕਾਮ ਪੂਰਨ ਹੋ ਜਾਤੇ ਹੈਂ ॥ ੧ ॥

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥

ਤਿਸ ਹਰੀ ਕੀ ਸੇਵਾ ਤੇ ਕ੍ਰੋੜੋਂ ਵਿਘਨ ਨਾਸ ਹੋ ਜਾਤੇ ਹੈਂ ॥ ਔਰ ਨਿਸਚਲ ਗੋਬਿੰਦ ਕਾ ਧਾਮ ਪ੍ਰਾਪਤਿ ਹੋਤਾ ਹੈ ॥

ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥ ੧ ॥

ਭਗਵੰਤ ਕੇ ਭਗਤ ਕੋ ਕਿਛੁ ਭੈ ਨਹੀਂ ਰਹਿਤਾ ਹੈ ਕਿਉਂਕਿ ਧਰਮ ਰਾਜਾ ਭੀ ਤਿਸ ਕੋ ਆਦਰ ਦੇਤਾ ਹੈ ॥

ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥

ਗੋਪਾਲ ਕੋ ਤਿਆਗ ਕਰਕੇ ਜੋ ਔਰ ਕਰਨੀ ਕਰੀਤੀ ਹੈ ਸੋ ਸੋ ਕਰਤੂਤ(ਖਾਮ)ਕਚੀ ਨਸਟ ਹੋ ਜਾਤੀ ਹੈ ਭਾਵ ਸੇ ਦੁਖਦਾਇਕ ਹੋਤੀ ਹੈ ॥

ਚਰਨ ਕਵਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥ ੨ ॥ ੯ ॥ ੧੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਤਾਂਤੇ ਹੇ ਭਾਈ ਸਮੂਹ ਸੁਖੋਂ ਕਾ ਬਿਸਰਾਮ ਜੋ ਹਰੀ ਕੇ ਚਰਨ ਕਵਲ ਹੈਂ ਤਿਨਕੋ ਹੀ ਹਿਰਦੇ ਮੈਂ ਗ੍ਰਹਣ ਕਰ ਵਾ ਹਰੀ ਕੇ ਚਰਨੋਂ ਕੋ ਗ੍ਰਹਣ ਕਰ ਜਿਸਤੇ ਸਮੂਹ ਸੁਖ ਮੈਂ ਤੇਰਾ ਬਿਸ੍ਰਾਮ ਹੋਵੈ ॥ ੨ ॥ ੯ ॥ ੧੩ ॥

ਜੈਤਸਰੀ ਮਹਲਾ ੯ ॥ ੧ ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜੀਵੋਂ ਕੋ ਉਪਦੇਸੁ ਕਰਤੇ ਹੈਂ ॥

ਭੂਲਿਓ ਮਨੁ ਮਾਇਆ ਉਰਝਾਇਓ ॥

ਹੇ ਭਾਈ ਮਨ ਕੋ ਮਾਯਾ ਮੈ ਤੈਂਨੇ (ਉਰਝਾਇਓ) ਫਸਾਯਾ ਹੈ ਤਿਸ ਤੇ ਤੂੰ ਵਾਹਿਗੁਰੂ ਸੇ ਭੂਲਾ ਹੁਆ ਹੈਂ ॥

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥ ੧ ॥ ਰਹਾਉ ॥

ਜੋ ਜੋ ਕਰਮ ਤੈਨੇਂ ਲਾਲਚ ਮੈਂ ਲਗ ਕਰਕੇ ਕੀਆ ਹੈਭਾਵ ਸੇ ਸਕਾਮ ਕਰਮ ਕੀਏਹੈਂ ਤਹਾਂ ਤਹਾਂ ਵਾਸਨਾ ਅਨੁਸਾਰੁਤੂੰਆਪ

Digitized by Panjab Digital Library | www.panjabdigilib.org

ਹੀ ਬੰਧਾਇਵਾਨ ਹੋ ਰਹਾ ਹੈਂ ॥ ੧ ॥

ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥

ਤੇਰੇਕੋਅਪਨੇਭਲੇ ਕੀ ਸਮਝ ਨਹੀਂ ਪੜੀ ਇਸੀ ਤੇਵਿਸਿਅਹੁੰ ਕੇ ਰਸਮੈਂ ਰਚਿਆਹੈਂ ਔਰ ਹਰੀ ਕਾ ਜਸੁ ਤੈਨੇਂਵਿਸਾਰਦੀਆਹੈ।

ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥ ੧ ॥

ਜੋ ਸ੍ਵਾਮੀ ਸਦਾ ਤੇਰੇ ਸਾਥ ਹੈ ਤਿਸਕੋ ਤੈਨੇਂ ਅਪਨੇ ਸਾਥ ਜਾਣਿਆ ਹੀ ਨਹੀਂ ਹੈ ਔਰ ਬਨੋਂ ਬੀਚ ਤਿਸਕੇਖੋਜਨੇ ਕੋ ਧਾਯਾਹੈਂ।੧।

ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾਕੋ ਗਿਆਨੁ ਨ ਪਾਇਓ ॥

ਰਤਨ ਰੂਪ ਰਾਮ ਜੋ ਤੇਰੇ (ਘਟ) ਸਰੀਰ ਕੇ ਅੰਤਰ ਹੀ ਹੈ ਤਿਸਕਾ ਗੁਰੋਂ ਦ੍ਵਾਰੇ ਤੈਨੇ ਗਿਆਨ ਨਹੀਂ ਪਾਯਾ ਹੈ ॥

ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥ ੨ ॥ ੧ ॥

ਸ੍ਰੀ ਗੁਰੂਜੀ ਕਹਤੇ ਹੈਂ ਹੇ ਜਨ ਭਗਵੰਤ ਕੇ ਭਜਨ ਤੇ ਬਿਨਾ ਇਸ ਪ੍ਰਕਾਰ ਤੈਨੇ ਅਪਨਾ ਜਨਮਵਿਅਰਥਹੀ ਗਵਾਇਆਹੈ।੨।੧।

ਬੇਨਤੀ ਕਰਤੇ ਹੈਂ ॥

ਜੈਤਸਰੀ ਮਹਲਾ ੯॥

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾਨਿਧਿ ਤੇਰੀ ॥ ੧ ॥ ਰਹਾਉ ॥

ਹੇ ਹਰਿ ਜੀ ਮੇਰੀ ਪਤ ਰਾਖ ਲੀਜੀਏ ਕਿਉਂਕਿ ਮੇਰੇ ਰਿਦੇ ਮੈਂ ਜਮ ਕਾ ਭ ਹੁਆ ਹੈ ਇਸੀ ਹੇਤ ਹੇ ਕ੍ਰਿਪਾਨਿਧਿ ਤੇਰੀ ਸਰਨ ਗ੍ਰਹਣ ਕਰੀ ਹੈ ॥

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥

ਮੈਂ ਮਹਾਂ (ਪਤਿਤ) ਪਾਪੀ ਔ ਮੂਰਖ ਔ ਲੋਭੀ ਹੂੰ ਪਾਪੋਂ ਕੋ ਕਰਤਾ ਹੁਆ ਅਬ ਹਾਰ ਗਿਆ ਹੂੰ ॥

ਭੈ ਮਰਬੇ ਕਉ ਬਿਸਰਤ ਨਾਹਨਿ ਤਿਹ ਚਿੰਤਾ ਤਨੁ ਜਾਰਾ ॥ ੧ ॥

ਮਰਨੇ ਕਾ ਭੈ ਮੇਰੇ ਕੋ ਬਿਸਰਤਾ ਨਹੀਂ ਹੈ ਤਿਸੀ ਚਿੰਤਾ ਨੇ ਤਨ ਕੋ (ਜਾਰਾ) ਜਲਾਯਾ ਹੈ ॥ ੧ ॥

ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ ॥

ਅਨੇਕ ਉਪਾਵ ਮੁਕਤੀ ਕੇ ਕਾਰਨ ਮੈਨੇਂ ਕੀਏ ਹੈਂ ਦਸੋਂ ਦਿਸਾ ਮੈਂ ਉਠ ਕਰ ਧਾਯਾ ਹੂੰ ॥

ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮ ਨ ਪਾਇਆ ॥ ੨ ॥

ਪਰੰਤੂ ਹੇ ਨਿਰੰਜਨ ਤੂੰ ਜੋ ਮੇਰੇ ਘਟ ਭੀਤਰ ਵਸ ਰਹਾ ਹੈਂ ਤਿਸ ਤੇਰੇ ਸਰੂਪ ਕਾ ਗਜਾਨ ਨਹੀਂ ਪਾਯਾ ਹੈ ॥ ੨ ॥

ਨਾਹਿਨ ਗੁਨੁ ਨਾਛਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥

ਨਾ ਮੇਰੇ ਮੈਂ ਕੋਈ ਗੁਣ ਹੀ ਹੈ ਔਰ ਨਾ ਕੋਈ ਜਪ ਤਪ ਹੈ ਅਬ ਕੌਨ ਕਰਮ ਕਰੋਂ ॥

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥ ੩ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਇਸੀ ਤੇ ਮੈਂ ਹਾਰ ਕਰ ਆਪਕੀ ਸਰਣਾਗਤਿ ਪੜਾ ਹੂੰ ਹੇ ਪ੍ਰਭੂ ਮੇਰੇਕੋ ਅਭੈ ਦਾਨ ਦੀਜੀਏ॥ ੩ ॥ ੨ ॥

ਉਪਦੇਸ਼ ਹੈ॥

ਜੈਤਸਰੀ ਮਹਲਾ ੯ ॥

ਮਨ ਰੇ ਸਾਚਾ ਗਹੋ ਬਿਚਾਰਾ ॥ ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥ ੧ ॥ ਰਹਾਉ ॥

ਹੇ ਮਨ ਵਾ ਪਿਆਰੇ ਸਾਚਾ ਵੀਚਾਰ ਗ੍ਰਹਿਣ ਕਰੋ ਤਿਸ ਏਕ ਰਾਮ ਨਾਮ ਤੇ ਬਿਨਾਂ ਇਹ ਸੰਪੂਰਨ ਸੰਸਾਰ ਝੂਠਾ ਮਾਨ ਲੇਵੋ॥੧॥

ਜਾਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥
ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥ ੧ ॥

ਜਿਸ ਵਾਹਿਗੁਰੂ ਕੋ ਜੋਗੀ ਜਨ ਭੀ ਖੋਜਤੇ ਹੁਏ ਹਾਰੇ ਹੈਂ ਤਿਸਕੇ ਪਾਰਾਵਾਰ ਕੋ ਨਹੀਂ ਪਾਯਾ ਹੈ ਸੋ ਤਿਸ ਸ੍ਵਾਮੀ ਕੋ ਤੁਮ ਨਿਕਟ ਹੀ ਪਛਾਨੋਂ ਜੋ ਰੂਪ ਰੇਖ ਤੇ ਨਿਆਰਾ ਪ੍ਰਭੂ ਹੈ ਤਿਸਕੇ ਆਗੇ ਐਸੇ ਬੇਨਤੀ ਕਰੋ ॥ ੧ ॥

ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ ॥

ਹੇ ਹਰੀ ਆਪਕਾ ਨਾਮ ਜੋ ਪਵਿਤ੍ਰ ਰੂਪ ਹੈ ਤਿਸਕੋ ਮੈਂਨੇ ਕਬੀ ਸਿਮਰਨ ਨਹੀਂ ਕੀਆ ਹੈ ॥

ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥ ੨ ॥ ੩ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਜਗਬੰਦਨ ਹਰੀ ਮੈਂ ਆਪਕੀ ਸਰਨ ਪੜਾ ਹੂੰ ਮੇਰੇ ਕੋ ਸੰਸਾਰ ਦੁਖ ਸੇ ਰਾਖੋ ਕਿਉਂਕਿ ਜਨ ਪਾਲਕ ਤੇਰਾ ਬਿਰਦ ਹੈ ॥ ੨ ॥ ੩ ॥

Digitized by Panjab Digital Library | www.panjabdigilib.org

ਜੈਤਸਰੀ ਮਹਲਾ ੫ ਛੰਤ ਘਰੁ ੧ ॥ ੧ ੴ ਸਤਿਗੁਰਪ੍ਰਸਾਦਿ॥ ਸਲੋਕ॥

ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥

ਜਿਸ ਹਰੀ ਕੇ ਦਰਸਨ ਕੀ ਪਿਆਸੀ ਹੋਕਰ ਦਿਨੇ ਰਾਤ (ਅਨਦਿਨੁ) ਨਿਰੰਤ੍ਰ ਚਿਤ ਮੈਂ ਨਿਤ ਚਿਤਵਤੀ ਥੀ ॥

ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥ ੧ ॥

ਸੋ ਅਬ ਸਤਿਗੁਰੋਂ ਨੇ ਮੇਰਾ ਕਪਟ ਖੋਲਕੇ ਅਰਥਾਤ ਦੂਰ ਕਰਕੇ ਤਿਸ ਹਰੀ ਮਿਤ੍ਰ ਕੇ ਸਾਥ ਮੈਂ ਮੇਲੀ ਹੂੰ ॥੧॥ ਪ੍ਰਸ਼ਨ॥

ਸਤਿਗੁਰੋਂ ਨੇ ਤਿਸ ਸਾਥ ਕੈਸੇ ਮਿਲਾਈ ਹੈਂ ? ਤਿਸ ਪਰ ਕਹਤੇ ਹੈਂ ਹਮਨੇਂ ਸਤਿਗੁਰੋਂ ਅਗੇ ਐਸੇ ਬੇਨਤੀ ਕਰੀ ਹੈ ॥

ਛੰਤ ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥

ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥

ਹੇ ਹਰੀ ਕੇ(ਯਾਰ)ਪਜਾਰੇ ਸੰਤੋ ਹਮਾਰੇ ਸਤਿਗੁਰੋ ਸਜਣੋਂ ਆਪ ਸੁਣੋਂ ਤੋ ਮੈਂ ਏਕ ਆਪ ਕੇ ਆਗੇ ਬੇਨਤੀ ਕਰਤੀ ਹੂੰ ਜਿਸ ਮਨ ਮੋਹਨ ਪਿਆਰੇ (ਲਾਲ) ਪਤੀ ਵਾ ਪਿਆਰੇ ਕੋ ਮੈਂ ਖੋਜਤੀ ਫਿਰਤੀ ਹੂੰ ॥

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥

ਤਿਸ ਪਿਆਰੇ ਨੂੰ ਬਤਾਇ ਦੋਵੋ ਤੋ ਮੈਂ ਆਪਕੇ ਆਗੇ ਸੀਸ ਉਤਾਰ ਕਰ ਧਰਤੀ ਹੂੰ ਭਾਵ ਸੇ ਹੰਕਾਰ ਦੂਰ ਕਰਤੀ ਹੂੰ ਇਕ (ਭੋਰੀ) ਥੋੜੇ ਮਾਤ੍ਰ ਭੀ ਤਿਸਕਾ ਦਰਸਨ ਮੇਰੇ ਕੋ ਦਿਖਾਇ ਦੀਜੈ ॥

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥

ਹਮਾਰੇ ਨੇਤ੍ਰ ਤਿਸ ਪਿਆਰੇ ਪਤੀ ਕੇ (ਰੰਗ) ਪ੍ਰੇਮ ਮੈਂ ਰੰਗੇ ਹੁਏ ਹੈਂ ਇਸੀਤੇ ਇਕ ਖਿਨ ਮਾਤ੍ਰ ਭੀ ਤਿਸ ਬਿਨਾਂ ਧੀਰਜ ਨਹੀਂ ਹੋਤਾ ਹੈ ॥

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥

ਹਮਾਰਾ ਮਨ ਤਿਸ ਪ੍ਰਭੂ ਮੈਂ ਐਸਾ ਲੀਨ ਹੁਆ ਹੈ ਜੈਸੇ ਜਲ ਮੈਂ ਮਛੀ ਹੋਤੀ ਹੈ ਪੁਨਾ ਮੈਂ ਚਾਤ੍ਰਿਕ ਵਤ ਸ੍ਵਾਂਤਿ ਬੂੰਦ ਰੂਪ ਦਰਸ਼ਨ ਕੀ ਪਿਆਸੀ ਹੂੰ ॥

ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ (ਜਨ) ਦਾਸ ਨੇ ਜਬ ਇਸ ਰੀਤ ਸੇ ਪ੍ਰਾਰਥਨਾ ਕਰੀ ਤਬ ਆਪ ਕੀ ਕਿਰਪਾ ਸੇ ਪੂਰਨ ਪ੍ਰਭੂ ਪਾਇਆ ਤਬ ਸੰਪੂਰਨ ਪਦਾਰਥੋਂ ਕੀ ਤ੍ਰਿਖਾ ਬੁਝ ਗਈ ਅਰਥਾਤ ਦੂਰ ਹੋਈ ਹੈ ॥ ੧ ॥

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥

ਹੇ ਹਮਾਰੇ ਮਿਤ੍ਰ ਸੰਤ ਜਨੋਂ ਤੁਸੀ (ਹਭੇ) ਸੰਪੂਰਨ ਹਰੀ ਕੀਆਂ ਪਿਆਰੀਆਂ ਸਖੀਆਂ ਹੋ ਮੈਂ ਕਿਸੀ ਜੈਸੀ ਭੀ ਨਹੀਂ ਹੂੰ ॥

ਯਾਰ ਵੇ ਹਿਕ ਡੂੰ ਹਿਕਿ ਚਾੜੇ ਹਉ ਕਿਸੁ ਚਿਤੇਹੀਆ ॥

ਹੇ ਸਜਨ ਸੰਤੋ ਤੁਸੀ ਇਕ ਤੇ ਇਕ ਚੜੰਦੀਆਂ ਹੈਂ ਭਾਵ ਉਤਮ ਹੋ ਮੈਂ ਕਿਸਕੀ ਤਰਫ (ਚਿਤੇਹੀਆ) ਦੇਖੋਂ ਵਾ ਚਿਤਾਰੋਂ ਵਾ ਮੈਂ ਕਿਸਕੇ ਯਾਦ ਹਾਂ ॥

ਹਿਕਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥

ਇਕਦੂੰ ਇਕ ਚੜੰਦੀਆਂ ਅਰਥਾਤ ਉਤਮ ਹੋਕਰ ਤਿਸ ਪਿਆਰੇ ਪਤੀ ਸਾਥ ਅਨੇਕ ਪ੍ਰਕਾਰ ਕੇ ਭੋਗ ਬਿਲਾਸ ਤੁਸੀ ਨਿਤਹੀ ਕਰਦੀਆਂ ਹੋ ਅਰਥਾਤ ਅਨੰਦ ਰੂਪ ਕ੍ਰੀੜਾ ਕਰਤੀਆਂ ਹੋ ॥

ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥

ਤੁਮਾਰੇ ਨਿਤ ਸੁਖ ਪਾਵਤੀ ਕੋ ਦੇਖ ਕਰਕੇ ਮੇਰੇ ਮਨ ਮੈਂ ਉਤਸ਼ਾਹ ਉਠਤਾਹੈ ਮੈਂ ਤਿਸ ਗੁਣਤਾਸ ਹਰੀ ਕੋ ਕਬ ਪ੍ਰਾਪਤਹੋਵੋਂ।

ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥

ਜਿਨ ਤੁਮ ਸੰਤੋਂ ਨੇ ਮੇਰਾ ਪਿਆਰਾ (ਰੀਝਾਇਆ) ਪ੍ਰਸੰਨ ਕੀਆ ਹੈ ਮੈਂ ਤਿਸ ਤੁਮਾਰੇ ਆਗੇ ਆਪਣਾ ਮਨ (ਡੇਹੀਆ) ਦੇਤੀ ਹੂੰ ॥

ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥ ੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਸੁਹਾਗਣੀ ਸੰਤ ਜਨੋਂ ਮੇਰੀ ਬੇਨਤੀ ਸ੍ਰਵਨ ਕਰੋ ਅਰ ਮੈਨੂੰ ਦਸੋ ਦੇਖਾਂ ਮੇਰਾ ਪਤੀ ਕੈਸਾ ਕੁ ਹੈ ॥

ਯਾਨ ਵੇ ਪਿਰੁ ਆਪਣ ਭਾਣਾ ਕਿਛ ਨੀ ਸੀ ਛੰਦਾ ॥

ਹੇ ਸੰਤ ਸ੍ਰਜਨ ਵਹੁ ਪਤੀ ਅਪਣਾ ਭਾਣਾ ਕਰਤਾ ਹੈ(ਕਿਛ ਨੀ ਸੀ ਛੰਦਾ) ਕਿਸੀ ਕਾ ਕੁਛ ਮੁਲਾਹਿਜਾ ਵਾ ਦੀਨਤਾ ਨਹੀਂ ਕਰਤਾ ਹੈ ਭਾਵ ਸੇ ਸੁਤੰਤ੍ਰ ਹੈ ॥

Digitized by Panjab Digital Library | www.panjabdigilib.org

ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥

ਹੇ ਮਿਤਰ ਸੰਤੋ ਤੁਮਨੇ ਤਿਸ ਪਿਆਰੇ ਪਤੀ ਕੋ ਭੋਗਿਆ ਹੈ ਤਾਂਤੇ ਮੈਂ (ਦਸੰਦਾ) ਪੁਛਤਾ ਹੂੰ ਦਸ ਦਿਉ ਵਹੁ ਕੈਸੇ ਭੋਗੀਤਾ ਹੈ ? ਉਤਰ ॥

ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥

ਪਿਆਰਾ ਪਤੀ (ਤੈ) ਤਿਸਨੇ ਪਾਇਆ ਹੈ ਜਿਸਨੇ ਆਪਨਾ ਆਪ ਹੰਕਾਰ ਗਵਾਇਆ ਹੈ ਸੋ ਹੰਕਾਰ ਤਿਸਨੇ ਗਵਾਇਆ ਹੈ ਜਿਸ (ਧਨੁ) ਇਸਤ੍ਰੀ ਅਰਥਾਤ ਜਗਿਆਸੂ ਕੇ ਮਸਤਕ ਮੈਂ ਉਤਮ ਕਰਮ ਹੋਤੇ ਹੈਂ । ਜੇ ਕਹੇ ਤੂੰ ਅਪਨੀ ਕਹੁ ॥ ਉਤ੍ਰ ॥

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥

ਹੇ ਸਖੀ ਮੈਂ ਭੁਜਾ ਤੇ ਪਕੜ ਕਰ ਠਾਕਰ ਨੇ ਅਪਨੀ ਤਰਫ (ਘਿਧੀ) ਲੈ ਲਈ ਮੇਰੇ ਗੁਣ ਅਵਗੁਣ ਤਿਸਨੇ ਪਛਾਣੇ ਨਹੀਂ ਹੈਂ ॥

ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥

ਸ਼ੁਭ ਗੁਣੋਂ ਕਾ ਹਾਰ (ਤੈ) ਤਿਸੀ ਨੇ ਪਾਇਆ ਹੈ ਜਿਸਨੇ (ਲਾਲੁ) ਪਿਆਰੇ ਕੇ ਸਾਥ ਅਪਨਾ ਪ੍ਰੇਮ ਬਣਾਇਆ ਹੈ ਤਿਸ ਪ੍ਰੇਮ ਵਾਲੀ ਸਖੀ ਕੋ ਸਭ ਕਿਛ ਸੋਭਤਾ ਹੈ ॥

ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥ ੩ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਸੋਈ(ਜਨ)ਦਾਸ ਰੂਪ ਇਸਤ੍ਰੀ ਸੁਹਾਗਣੀ ਹੈ ਜਿਸਕੇ ਸਾਥ ਪਰਮੇਸ਼੍ਵਰ ਪਤੀ ਬਸਤਾ ਹੈ ਭਾਵ ਸੇ ਜਿਸਕੋ ਹਰੀ ਕਾ ਸਾਖਿਆਤਕਾਰ ਹੁਆ ਹੈ ॥ ੩ ॥ ਅਬ ਪਤੀ ਕੇ ਮਿਲਾਪ ਕਾ ਉਤਸਾਹ ਕਹਿਤੇ ਹੈਂ ॥

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥ ਵਰ ਲੋੜੀਦਾ ਆਇਆ ਵਜੀ ਵਾਧਾਈ ॥

ਹੇ ਸੰਤ ਸ੍ਰਜਨੋਂ ਜਿਸ ਵਾਸਤੇ ਮੈਂ ਨਿਤ ਸੁਖਾਂ ਸੁਖਦੀ ਥੀ ਸੋ ਆਤਮ ਵਸਤੂ ਅਬ ਮੈਨੇ ਪਾਈ ਹੈ ਜੋ (ਵਰ)ਪਤੀ ਲੋੜੀਦਾ ਥਾ ਸੋ ਅਬ ਪਾਇਆ ਅਰਥਾਤ ਪ੍ਰਾਪਤਿ ਹੁਆ ਹੈ ਤਿਸੀ ਤੇ ਵਧਾਈ ਵਜੀ ਹੈ ਭਾਵ ਸੇ ਖੁਸ਼ੀ ਹੋਈ ਹੈ ॥

ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥

ਮਹਾਂ ਮੰਗਲ ਔ (ਰਹਸੁ) ਅਨੰਦ ਹੂਆ ਹੈ ਕਿਉਂਕਿ ਸਦਾ ਨਵੀਨ ਰੰਗੋਂ ਵਾਲਾ ਦਿਆਲੂ ਪਤੀ ਪ੍ਰਾਪਤਿ ਭਇਆ ਹੈ ॥

ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤ ਸੰਗੀਆ ॥

ਵਡੇ ਭਾਗੋਂ ਕਰਕੇ ਜਬ ਗੁਰੋਂ ਕੋ ਪਾਇਆ ਤਬ ਤਿਨੋਂ ਨੇ ਸੰਤੋਂ ਕੇ ਸੰਗ ਦੁਆਰਾ ਮੇਰੇ ਕੋ ਤਿਸਕੇ ਸਾਥ (ਆ) ਵਿਸ਼ੇਸ ਕਰਕੇ ਮਿਲਾਇਆ ਹੈ ॥

ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥

ਆਸਾ ਮਨਸਾ ਮੇਰੀ ਸੰਪੂਰਨ ਤਿਸਨੇ ਪੂਰਨ ਕਰੀ ਹੈ ਕਿਉਂਕਿ ਤਿਸ ਭਗਤੋਂ ਕੇ (ਅੰਕਿ) ਪਖੀ (ਪ੍ਰਿਅ) ਪਤੀ ਨੇ ਅਪਨੇ ਅੰਕਿ ਬੀਚ ਮੈਂ ਮਿਲਾਈ ਅਰਥਾਤ ਅਭੇਦ ਕਰੀ ਹੂੰ ॥

ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥ ੪ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਆਤਮ ਵਸਤੂ ਵਾਸਤੇ ਮੈਂ ਸੁਖ ਸੁਖਦੀ ਥੀ ਸੋ ਅਬ ਗੁਰੋਂ ਕੋ ਮਿਲ ਕਰ ਪਾਈ ਹੈ॥ ੪ ॥੧॥

ਜੈਤਸਰੀ ਮਹਲਾ ੫ ਛੰਤ ਘਰੁ ੨ ॥

੧ ਓ ਸਤਿਗੁਰਪ੍ਰਸਾਦਿ ॥ ਸਲੋਕੁ ॥

ਸ੍ਰੀ ਅਕਾਲ ਪੁਰਖ ਕੇ ਸਨਮੁਖ ਬੇਨਤੀ ਕਰਤੇ ਹੈਂ ॥

ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ ॥
ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ ॥ ੧ ॥

ਹੇ ਪ੍ਰਭੂ ਤੂੰ ਸਰਬ ਤੇ ਊਚਾ ਹੈਂ ਔ ਮਨ ਬਾਣੀ ਤੇ (ਅਗਮ)ਅਪਾਰ ਹੈਂ ਤੇਰੀ ਸੋਭਾ ਕਥਨ ਨਹੀਂ ਕਰੀ ਜਾਤੀ ਹੈ ਕਥਨ ਸੇ ਰਹਿਤ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਰਖਿਆ ਕਰਨੇ ਕੋ ਸਮਰਥ ਪ੍ਰਭੂ ਹਮ ਤੇਰੀ ਸਰਣਾਗਤੀ ਹੂਏ ਹੈਂ ॥ ੧ ॥

ਛੰਤ ॥ ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥
ਕੇਤੇ ਗਨਉ ਅਸੰਖ ਅਵਗਣ ਮੇਰਿਆ ॥

ਜਿਸ ਪ੍ਰਕਾਰ ਜਾਨੋਂ ਤੈਸੇ ਹੀ ਮੇਰੇ ਕੋ ਰਾਖੋ ਹੇ ਹਰਿ ਪ੍ਰਭੂ ਹਮ ਤੇਰੇ ਹੀ ਦਾਸ ਹੈਂ ਕਿਤਨੇ ਗਿਣਤੀ ਕਰੋਂ ਜੋ ਮੇਰੇ ਮੈਂ ਅਵਗੁਣੋਂ ਕਾ ਸਮਦਾਇ ਹੈ ਸੋ ਅਸੰਖ ਹੀ ਹੈ ਭਾਵ ਸੇ ਮੇਰੇ ਅਵਗੁਣ ਨਾ ਚਿਤਾਰੀਏ ॥

ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥
ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥

Digitized by Panjab Digital Library | www.panjabdigilib.org

ਅਨੰਤ ਹੀ ਅਵਗੁਣ ਔਰ ਪੁਨਾ (ਖਤੇ) ਅਪਰਾਧ ਕਰਕੇ ਹਮ ਜੀਵ ਨਿਤੰਪ੍ਰਤੀ ਸਦਾ ਭੂਲਤੇ ਹੈਂ ਮੋਹ ਮੈਂ ਮਗਨ ਹੋਕਰ ਮਾਇਆ ਮੈਂ ਬਿਕਰਾਲ ਹੋ ਰਹਾ ਹੂੰ ਤੇਰੀ ਕਿਰਪਾ ਸੇ ਛੂਟੀਐਗਾ ॥

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ ॥

ਤੇਰੇ ਪਾਸੋਂ (ਲੂਕ) ਛਪ ਕਰਕੇ (ਬਿਖੜੇ) ਔਖੇ ਅਸਥਾਨੋਂ ਮੈਂ ਇਹ ਜੀਵ ਵਾ ਮੈਂ ਵਿਕਾਰ ਕਰਤਾ ਹੂੰ ਪਰੰਤੂ ਹੇ ਪ੍ਰਭੂ ਤੂੰ ਨਿਕਟ ਤੇ ਨਿਕਟ ਦੇਖਤਾ ਹੈਂ ॥

ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭੁਵਜਲ ਫੇਰਿਆ ॥੧॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਪ੍ਰਭੂ ਆਪਨੀ ਦਇਆ ਧਾਰੋ ਮੇਰੇਕੋ ਸੰਸਾਰ ਸਮੁੰਦਰ ਕੇ ਫੇਰ ਸੇਕਾਢਲੀਜੀਏ ਭਾਵ ਸੇ ਜਨਮ ਮਰਨ ਸੇ ਰਹਿਤ ਕਰੀਏ ॥ ੧ ॥

ਸਲੋਕੁ ॥ ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ ॥

ਹੇ ਪ੍ਰਭੂ ਤੇਰੇ ਅਨੰਤ ਗੁਣੋਂ ਕਾ (ਨਿਰਤਿ)ਗਿਣਨਾ ਨਹੀਂ ਪੜਤਾ ਹੈ ਔਰ ਤੇਰਾ ਨਾਮ ਸਰਬ ਤੇ ਊਚਾ ਹੈ ॥

ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ ॥ ੨॥

ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਦਾਸ ਕੀ ਆਪਕੇ ਆਗੇ ਇਹੀ ਬੇਨਤੀ ਹੈ ਜੋ ਮੈਂ ਨਿਥਾਵੇਂ ਕੋ ਸਰੂਪ ਅਸਥਾਨ ਪ੍ਰਾਪਤਿ ਹੋਵੈ ॥ ੨ ॥

ਛੰਤੁ ॥ ਦੂਸਰ ਨਾਹੀ ਠਾਉ ਕਾਪਹਿ ਜਾਈਐ ॥
ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ ॥

ਹੇ ਵਾਹਿਗੁਰੂ ਤੇਰੇ ਬਿਨਾਂ ਮੇਰੇ ਕੋ ਕੋਈ ਦੂਸਰਾ ਅਸਥਾਨ ਨਹੀਂ ਹੈ ਤੋ ਔਰ ਕਿਸਕੇ ਪਾਸ ਜਾਈਏ । ਅਰਥਾਤ ਤੇਰੇ ਬਿਨਾਂ ਕਿਸੀ ਪਾਸ ਨ ਜਾਵੇਂਗਾ ਆਠ ਪਹਿਰ ਮੈਂ ਸਦਾ ਦੋਨੋਂ ਹਾਥ ਜੋੜ ਕਰਕੇ ਸੋ ਹੇ ਪ੍ਰਭੂ ਤੇਰੇ ਕੋ ਹੀ ਧਿਆਈਐ ॥

ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥
ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥

ਸੋ ਹੇ ਅਪਨਾ ਪ੍ਰਭੂ ਤੇਰੇ ਕੋਸਦਾ ਧਿਆਇ ਕਰਕੇ ਮਨਵਾਂਛਤ ਫਲ ਕੋ ਪਾਈਤਾਹੈਏਹ ਵਰ ਦੇਹਮਾਨ ਮੋਹ ਆਦੀਵਿਕਾਰੋਂ ਸੰਜੁਗਤ ਦ੍ਵੈਤ ਭਾਵ ਕੋ ਤਿਆਗ ਕਰਕੇ ਏਕ ਤੇਰੇ ਮੈਂ ਹੀ ਬਿਰਤੀ ਕੋ ਲਗਾਈਐ ॥

ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥ ੨ ॥

ਹੇ ਪ੍ਰਭੂ ਤੇਰੇ ਆਗੇ ਮਨ ਤਨ ਕੋ ਅਰਪਨ ਕਰਕੇਸੰਪੂਰਨ ਆਪਾ ਭਾਵ ਕੋਜਬ ਮਿਟਾਈਐ । ਸ੍ਰੀ ਗੁਰੂ ਜੀ ਬੇਨਤੀਕਰਤੇਹੈਂ ਤਬ ਹੇ ਵਾਹਿਗੁਰੂ ਆਪ ਦਇਆ ਧਾਰ ਕਰਕੇ ਅਪਨੇ ਸਚੇ ਨਾਮ ਮੈਂ ਸਮਾਇ ਲੇਤੇ ਹੋ ॥ ੨॥ ਉਪਦੇਸ ॥

ਸਲੋਕੁ ॥ ਰੇ ਮਨ ਤਾਕਉ ਧਿਆਈਐ ਸਭ ਬਿਧਿ ਜਾਕੈ ਹਾਥਿ ॥

ਹੇ ਮਨ ਤਿਸ ਵਾਹਿਗੁਰੂ ਕੋ ਧਿਆਈਐ ਸੰਪੂਰਨ ਸੰਸਾਰ ਕੀ ਬਿਧੀ ਜਿਸਕੇ ਹਾਥ ਮੈਂ ਹੈ ॥

ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ ॥ ੩ ॥

ਤਿਸ ਰਾਮ ਕੇ ਨਾਮ ਜਾਪ ਧਨ ਕੋ ਹੀ (ਸੰਚੀਐ) ਏਕੱਤ੍ਰ ਕਰੀਏ ਸ੍ਰੀ ਗੁਰੂ ਜੀ ਕਹਤੇਹੈਂ ਸੋਈ ਤੇਰੇ ਸਾਥ ਨਿਭੈਗਾ ਭਾਵ ਸੇ ਸਹਾਈ ਹੋਵੈਗਾ ॥ ੩ ॥

ਛੰਤੁ ॥ ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ ॥

ਹੇ ਭਾਈ ਪ੍ਰਭੂ ਏਕ ਹੀ ਹਮਾਰਾ ਸਾਥੀ ਹੈ ਔਰ ਕੋਈ ਦੂਸਰਾ ਸੰਗੀ ਨਹੀਂ ਹੈ ॥

ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ ॥

ਆਪ ਹੀ ਅਸਥਾਨ ਹੈਂ ਔਰ ਤਿਨਕੇ ਅੰਦਰ ਭੀ ਆਪ ਹੀ ਹੈਂ ਜਲ ਥਲੋਂ ਮੈਂ ਸੋਈ ਪੂਰਨ ਹੋਇ ਰਹਾ ਹੈ ॥

ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ ॥

ਜਲੋਂ ਮੈਂ ਥਲੋਂ ਮੈਂ ਪ੍ਰਿਥਵੀ(ਅਲਿ)ਅਕਾਸ ਆਦੀ ਸਰਬ ਬੀਚ ਸਰਬ ਕਾ ਦਾਤਾ ਧਨੀ ਰੂਪ ਪ੍ਰਭੂ ਪੂਰਨ ਹੋਇਰਹਿਆਹੈ॥

ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾਕੇ ਕਿਆ ਗਨੀ ॥

ਗੋਪਾਲ ਗੋਬਿੰਦ ਕਾ ਕਛੁ ਅੰਤ ਨਹੀਂ ਹੈ ਤਾਂਤੇ ਹੇ ਬਿਅੰਤ ਤੇਰੇ ਗੁਣ ਮੈਂ ਕਿਆ ਗਿਣੋਂ ਭਾਵ ਗੁਣ ਕਹੇ ਨਹੀਂ ਜਾਤੇ ਹੈਂ ॥

ਭਜੁ ਸਰਣਿ ਸੁਆਮੀ ਸੁਖਹਗਾਮੀ ਤਿਸੁ ਬਿਨਾ ਅਨ ਨਾਹਿ ਕੋਇ ॥

ਸ੍ਵਾਮੀ ਕੀ ਸਰਣ ਮੈਂ ਭਜਕਰਕੇ ਹਮਸੁਖਮੈਂ(ਗਾਮੀ)ਵਿਚਰਨੇਵਾਲੇਹੂਏਹੈਂ ਤਿਸ ਬਿਨਾ ਮੇਰੇ ਕੋ ਔਰਦੂਸਰਾਕੋਈਨਹੀਂਹੈ॥

ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ ॥ ੪ ॥

Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਕਹਿਤੇ ਹੈਂ ਅਕਾਲ ਪੁਰਖ ਜਿਸ ਪਰ ਦਇਆ ਧਾਰਤਾ ਹੈ ਤਿਸੀਕੋ ਨਾਮ ਪ੍ਰਾਪਤਿ ਹੋਤਾ ਹੈ ॥ ੩ ॥

ਸਲੋਕੁ ॥ ਚਿਤਿਜਿ ਚਿਤਵਿਆ ਸੋ ਮੈ ਪਾਇਆ ॥ ਨਾਨਕ ਨਾਮੁਧਿਆਇਸੁਖ ਸਬਾਇਆ ॥੪॥

ਜੋ ਚਿਤ ਬੀਚ ਚਿਤਵਿਆ ਥਾ ਸੋਈ ਅਬ ਮੈਂਨੇ ਪਾਇਆ ਹੈ ॥ ਸ੍ਰੀ ਗੁਰੂ ਜੀ ਕਹਤੇ ਹੈਂ ਨਾਮ ਧਿਆਇ ਕਰਕੇ ਸੰਪੂਰਨ ਸੁਖ ਪ੍ਰਾਪਤਿ ਭਇਆ ਹੈ ॥ ੪ ॥

ਛੰਤੁ॥ਅਬ ਮਨੁ ਛੂਟ ਗਇਆ ਸਾਧੂ ਸੰਗਿ ਮਿਲੇ॥ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥

ਹੇ ਭਾਈ ਸੰਤੋਂ ਕੇ ਸੰਗ ਮੈਂ ਮਿਲਨੇ ਸੇ ਅਬ ਮੇਰਾ ਮਨ ਬੰਧਨੋਂ ਸੇ ਛੂਟ ਗਿਆ ਹੈ ॥ ਗੁਰੋਂ ਦ੍ਵਾਰੇ ਨਾਮ ਉਪਦੇਸ਼ ਲੀਆ ਤਿਸੀ ਤੇ ਜੋਤੀ ਕੀ ਜੋਤ ਮੈਂ ਹਮ ਰਲੇ ਹੈਂ ਅਰਥਾਤ ਅਭੇਦ ਹੁਏ ਹੈਂ ॥

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥

ਹਰੀਕਾ ਨਾਮ ਸਿਮਰਤਿਆਂ ਹੋਇਆਂਸਰਬ ਪਾਪ ਹਮਾਰੇ ਮਿਟਗਏਹੈਂ ਅਰਤੀਨੋਂ ਤਾਪੋਂ ਕੀ ਤਪਤਬੁਝੀ ਹੈਔਰਤ੍ਰਿਪਤਹੁਏਹੈਂ॥

ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥

ਗੁਰੋਂ ਨੇ ਹਮ ਭੁਜਾ ਤੇ ਪਕੜ ਲੀਏ ਹੈਂ ਔਰ ਅਪਨੇ ਦਾਸ ਕੀਨੇ ਹੈਂ ਅਪਨੇ ਹੀ ਕਰਕੇ ਮਾਨੇ ਹੈਂ ॥

ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥

ਜਬ ਗੁਰੋਂ ਨੇ ਪਕੜ ਕਰਕੇ ਅਪਨੇ ਅੰਗ ਮੈਂ ਲਗਾਏ ਤਬ ਹਰੀ ਕੇ ਸਾਥ ਹਮ ਮਿਲਾਇ ਦੀਏ ਹੈਂ ਤਿਸੀਤੇ ਜਨਮ ਮਰਨ ਆਦੀ ਦੁਖ ਹਮਾਰੇ ਅਬ ਜਲ ਗਏ ਹੈਂ ਅਰਥਾਤ ਦੂਰ ਭਏ ਹੈਂ ॥

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥ ੪ ॥ ੨ ॥

ਸ੍ਰੀ ਗੁਰੂ ਜੀ ਬੇਨਤੀ ਕਰਤੇਹੈਂ ਜਬ ਹਰੀ ਨੇ ਮੇਰੇ ਪਰ ਦਯਾਧਾਰੀ ਤਬ ਏਕ ਪਲਮੈਂਅਪਨੇ ਸਾਥ ਹਮ ਮੇਲ ਲੀਨੇਹੈਂ॥੪॥੨॥

ਜੈਤਸਰੀ ਮਃ ੫ ਛੰਤ ॥ ਪਾਧਾਣੂ ਸੰਸਾਰੁ ਗਾਰਬਿ ਅਟਿਆ ॥

ਇਹ ਸੰਪੂਰਨ ਸੰਸਾਰ (ਪਾਧਾਣੂ) ਰਾਹੀ ਹੈ ਅਰਥਾਤ ਚਲੇ ਜਾਣੇ ਵਾਲਾ ਹੈ ਹੇ ਭਾਈ ਤੋ ਭੀ (ਗਾਰਬਿ) ਹੰਕਾਰ ਕਰਕੇ (ਅਟਿਆ) ਦਬਿਆ ਵਾ ਪੂਰਿਆ ਹੁਆ ਹੈ ॥

ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥

ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥

ਮਾਯਾ ਕੇ ਰੰਗ ਮੈਂ(ਰਟਿਆ)ਰਤੇ ਹੁਏ ਇਸ ਮੈਂ ਜੀਵ ਅਨੇਕ ਪਾਪੋਂ ਕੋ ਕਰਤੇ ਹੈਂ ਲੋਭ ਔਰ ਮੋਹਿ ਹੰਕਾਰਆਦੀ ਵਿਕਾਰੋਂ ਮੈਂ ਡੂਬੇ ਹੋਇਆਂ ਕੋ ਮਰਨਾ ਚਿਤ ਨਹੀਂ ਆਵਤਾ ਹੈ ॥

ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥

ਪੁਤ੍ਰ ਔਰ ਮਿਤ੍ਰ(ਬਨਿਤਾ) ਇਸਤ੍ਰੀ ਔਰ ਬਿਵਹਾਰ ਜੋ ਹੈਂ ਇਹੀ ਕਰਤਿਆਂ ਇਸਕੀ ਅਵਸਥਾ ਬੀਤਤੀ ਜਾਤੀ ਹੈ ॥

ਪੁਜਿ ਦਿਵਸ ਆਇ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥

(ਮਾਏ)ਹੇ ਭਾਈ ਜੋ ਔਧੀਕੇ ਦਿਨ ਲਿਖੇਹੁਏਥੇਸੋਜਬ(ਪੁਜਿ)ਪੂਰਨ ਹੋਆਏ ਤਬ ਧਰਮਰਾਜਾਕੇਦੂਤੋਂਕਾਦੁਖਜੀਵਨੇਦੇਖਜਾ ॥

ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਜੋ ਕਰਮ(ਕਿਰਤ)ਕੀਤਾ ਹੁਆ ਹੈ ਸੋ ਮਿਟਤਾ ਨਹੀਂਹੈ ਇਸੀ ਤੇ ਮੰਦਭਾਗੀ ਜੀਵ ਨੇ ਇਸ ਜਨਮ ਮੈਂ ਹਰਿ ਨਾਮ ਧਨ ਖਟਿਆ ਨਹੀਂ ਹੈ ॥ ੧ ॥

ਉਦਮ ਕਰਹਿ ਅਨੇਕ ਹਰਿ ਨਾਮੁਨ ਗਾਵਹੀ॥ਭਰਮਹਿਜੋਨਿ ਅਸੰਖ ਮਰਿ ਜਨਮਹਿਆਵਹੀ॥

ਹੇ ਭਾਈ ਜੀਵ ਔਰ ਵਿਵਹਾਰੋਂ ਕੋ ਅਨੇਕ ਉਦਮ ਕਰਤਾ ਹੈ ਪਰੰਤੂ ਹਰੀ ਕੇ ਨਾਮ ਕੋ ਨਹੀਂ ਗਾਵਤਾ ਅਰਥਾਤ ਉਚਾਰਨ ਨਹੀਂ ਕਰਤਾ ਇਸੀਤੇ ਅਨੇਕ ਜੋਨੀ ਮੈਂ ਭਰਮੇਂਗਾ ਮਰ ਕਰ ਜਨਮੋਂ ਮੈਂ ਆਵੇਗਾ ॥

ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥

ਵਹੁ ਪੁਰਸ ਪਸੂ ਪੰਖੀ(ਸੈਲ)ਪਰਥਤ (ਤਰਵਰ)ਬ੍ਰਿਛਆਦੀ ਜੋਨੀਓਂ ਮੈਂ ਪੜਤਾਹੈਜਿਨਕੀਕੁਛ ਗਿਣਤ੍ਰੀ ਨਹੀਂਆਵਤੀਹੈ॥

ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥

ਜੈਸੇ ਕਰਮ ਰੂਪੀ ਬੀਜ ਬੋਵਤੇ ਹੈਂ ਤੈਸਾ ਹੀ ਤਿਨੋਂ ਕਾ ਫਲ ਭੋਗਤੇ ਹੈਂ ਈਹਾਂ ਅਪਨਾ ਕੀਆ ਹੁਆ ਕਰਮ ਹੈ ਤਿਸਕਾ ਫਲ ਆਗੇ ਪਾਵਤੇ ਹੈਂ ॥

ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥

ਇਹ ਮਾਨੁਖ ਜਨਮ ਰੂਪ ਰਤਨ ਕੋ ਜੂਏ ਮੈਂ ਹਾਰਤੇ ਹੈਂ ਇਸਤੇ ਵਹੁ ਅਪਨੇ ਪ੍ਰਭੂ ਕੋ ਨਹੀਂ ਭਾਵਤੇ ਹੈਂ ॥

Digitized by Panjab Digital Library | www.panjabdigilib.org

ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਵਹੁ ਭਰਮ ਕੇ ਭ੍ਰਮਾਏ ਹੂਏ ਜੋਨੀਓਂ ਕੋ ਪਾਵਤੇ ਏਕ ਖਿਨ ਮਾਤ੍ਰ ਭੀ ਟਿਕਣਾ ਅਰਥਾਤਇਸਥਿਤੀ ਨਹੀਂ ਪਾਵਤੇ ਹੈਂ ॥ ੨ ॥

ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠਾਂਆ ॥

ਜਿਸ ਸਮੇਂ ਮੈਂ ਜੋਬਨ ਬੀਤ ਗਿਆ ਤਬ (ਜਰੁ) ਬ੍ਰਿਧ ਅਵਸਥਾ ਸਰੀਰ ਕੋ (ਮਲਿ) ਰੋਕ ਬੈਠੀ ॥

ਕਰ ਕੰਪਹਿ ਸਿਰੁ ਡੋਲਿ ਨੈਣ ਨ ਡੀਠਿਆ ॥

ਤਿਸ ਸਮੇਂ ਮੈਂ ਹਾਥ ਕੰਪਤੇ ਹੈਂ ਔਰ ਸਿਰ ਡੋਲਨੇ ਲਗ ਪੜਤਾ ਹੈ ਔਰ ਨੇਤ੍ਰੋਂ ਕਰਕੇ ਕੁਛ ਦੇਖਿ ਆ ਨਹੀਂ ਜਾਤਾ ਅਰਥਾਤ ਦ੍ਰਿਸਟੀ ਮੰਦ ਹੋ ਜਾਤੀ ਹੈ ॥

ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥

ਜਬ ਨੇਤ੍ਰੋਂ ਸੇ ਕਛੁ ਦੀਸਤਾ ਨਹੀਂ ਭਾਵ ਸੇ ਨਿਰਬਲ ਹੋਜਾਤਾ ਹੈ ਤਬ ਅੰਤ ਸਮੇਂ ਈਸ੍ਵਰ ਕੇ ਭਜਨ ਕਰੇ ਸੇ ਬਿਨਾ ਜੀਵ ਮਾਯਾ ਕੋ ਛੋਡ ਕਰ ਪ੍ਰਲੋਕ ਕੋ ਚਲਤਾ ਭਯਾ ॥

ਕਹਿਆ ਨ ਮਾਨਹਿ ਸਿਰਿ ਖਾਕ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥

ਜਿਨ ਸਨਬੰਧੀਓਂ ਕੇ ਸਾਥ ਇਸ ਜੀਵ ਨੇ ਮਨ ਤਨ ਅਪਨਾ ਜਲਾਇਆ ਥਾ ਸੋ ਬ੍ਰਿਧ ਅਵਸਥਾ ਮੈਂ ਇਸਕਾ ਕਹਿਆ ਮਾਨਤੇ ਨਹੀਂ ਔਰ ਇਸ ਕੇ ਸਿਰ ਖਾਕ ਛਾਣਤੇ ਭਾਵ ਸੇ ਨਿਰਾਦਰ ਕਰਤੇ ਹੈਂ ॥

ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥

ਸ੍ਰੀ ਰਾਮ ਜੋ ਅਪਾਰ ਪੂਰਨ ਰੂਪ ਹੈ ਤਿਸਕਾ (ਰੰਗ) ਪ੍ਰੇਮ ਇਸ ਜੀਵਕੇ ਮਨ ਮੈਂ ਏਕ ਨਿਮਖ ਮਾਤ੍ਰ ਭੀ ਨਾ ਵਸਤਾਭਯਾ।

ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥ ੩ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਭਾਈ ਇਹ (ਕਾਗਤ) ਕਾਗਜੋਂ ਕੇ ਕੋਟ ਵਤ ਜੋ ਝੂਠੇ ਪਦਾਰਥ ਹੈਂ ਇਨਾਂ ਕੋ ਨਾਸ ਹੋਤਿਆਂ ਦੇਰੀ ਨਹੀਂ ਲਗਤੀ ਹੈ ॥ ੩ ॥ ਅਬ ਚੌਥੀ ਪੌੜੀ ਮੈਂ ਅਪਨੀ ਦਸ਼ਾ ਉਚਾਰਨ ਕਰਤੇ ਹੈਂ ॥

ਚਰਨ ਕਮਲ ਸਰਣਾਇ ਨਾਨਕੁ ਆਇਆ ॥ ਦੁਤਰੁ ਭੈ ਸੰਸਾਰੁ ਪ੍ਰਭਿ ਆਪਿ ਤੁਰਾਇਆ ॥

ਇਸੀ ਤੇ ਮੈਂ ਦਾਸ ਦੁਖੋਂਤੇ ਰਹਿਤ ਜੋ ਪਰਮੇਸਰਹੈ ਤਿਸਕੇ ਚਰਣੋਂ ਕਮਲੋਂ ਕੀ ਸਰਣ ਆਇਆ ਹੂੰ ਇਸ ਦੁਸਤਰ ਭੈਦਾਯਕ ਸੰਸਾਰ ਤੇ ਪ੍ਰਭੂ ਨੇ ਆਪ ਹੀ ਮੇਰੇ ਕੋ ਤਰਾਇਆ ਹੈ ॥

ਮਿਲਿ ਸਾਧ ਸੰਗੇ ਭਜੇ ਸ੍ਰੀ ਧਰ ਕਰਿ ਅੰਗੁ ਪ੍ਰਭ ਜੀ ਤਾਰਿਆ ॥

ਸੰਤੋਂ ਕੀ ਸੰਗਤ ਮੈਂ ਮਿਲ ਕਰ (ਸ੍ਰੀਧਰ) ਵਾਹਿਗੁਰੂ ਕੇ ਨਾਮ ਸਿਮਰੇ ਹੈਂ ਪ੍ਰਭੂ ਜੀ ਨੇ ਮੇਰਾ (ਅੰਗੁ) ਪਖ ਕਰਕੇ ਇਸ ਸੰਸਾਰ ਸੇ ਮੇਰੇ ਕੋ ਤਾਰਿਆ ਹੈ ॥

ਹਰਿ ਮਾਨਿ ਲੀਏ ਨਾਮ ਦੀਏ ਅਵਰੁ ਕਛੁ ਨ ਬੀਚਾਰਿਆ ॥

ਹਰੀ ਨੇ ਹਮਾਰੇ ਸੁਭ ਕਰਮ ਵਾ ਆਰਤ ਬਚਨ ਮਾਨ ਲੀਏ ਅਰਥਾਤ ਪ੍ਰਵਾਨ ਕਰਕੇ ਮਨ ਬਾਂਛਤ ਦਾਨ ਦੀਏ ਹੈਂ ਔਰ ਹਮਾਰਾ ਅਵਗੁਣ ਕੁਛ ਨਹੀਂ ਵੀਚਾਰਿਆ ॥

ਗੁਣ ਨਿਧਾਨ ਅਪਾਰ ਠਾਕੁਰ ਮਨਿ ਲੋੜੀਦਾ ਪਾਇਆ ॥

ਗੁਣੋਂ ਕਾ ਨਿਧਾਨ ਜੋ ਅਪਾਰ ਨਾਕਰ ਮਨ ਮੈਂ ਲੋੜੀਂਦਾ ਅਰਥਾਤ ਚਾਹੀਤਾ ਥਾ ਸੋ ਹਮਨੇਂ ਪਾਇਆ ਹੈ ॥

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿਨਾਮੁ ਭੋਜਨੁ ਖਾਇਆ ॥੪ ॥ ੨॥ ੩ ॥ ੨੭ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਗੁਰੋਂ ਸੇ ਹਰਿ ਨਾਮ ਭੋਜਨ ਖਾਇਆ ਹੈ ਇਸੀ ਤੇ ਹਮ ਸਦਾ ਤ੍ਰਿਪਤ ਹੂਏ ਹੈਂ ॥੪॥੨॥ ੩॥੨੭॥

ਜੈਤਸਰੀ ਮਹਲਾ ੫ ॥ ਵਾਰ ਸਲੋਕਾ ਨਾਲਿ ॥ ੧ ੴ ਸਤਿਗੁਰਪ੍ਰਸਾਦਿ ॥

ਸ੍ਰੀ ਗੁਰੂ ਅਰਜਨ ਸਾਹਿਬ ਜੀ ਇਸ ਵਾਰ ਮੈਂ ਮੂਲ ਰੂਪ ਸਲੋਕ ਔ ਟੀਕਾ ਰੂਪ ਪਉੜੀਕੇ ਪ੍ਰਕਾਰ ਸੇ ਉਪਦੇਸ਼ ਕਰਤੇ ਹੈਂ।

ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

ਜੋ ਸਰਬ ਸ੍ਰਿਸ਼ਟ ਕੇ(ਆਦਿ)ਭੂਤ ਕਾਲ ਮੈਂ ਪੂਰਨ ਥਾ ਔਰ ਜੋ(ਮਧ)ਅਬ ਸ੍ਰਿਸ਼ਟੀ ਕੋ ਵਰਤਮਾਨ ਮੈਂ ਭੀ ਪੂਰਨ ਹੈਂ ਪੁਨਾ ਸ੍ਰਿਸ਼ਟੀ ਕੇ (ਅੰਤ) ਭਵਿਖਤ ਮੈਂ ਭੀ ਸੋ ਪਰਮੇਸਰ ਪੂਰਨ ਸਰੂਪ ਹੋਗਾ ॥

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਪਾਪੋਂ ਕੇ ਨਾਸ ਕਰਨੇਹਾਰੇ ਜਗਤ ਕੇ ਈਸ੍ਵਰ ਕੋ ਸਰਬ ਮੈਂ (ਰਮਣੰ)ਵਿਆਪਕ ਜਾਣ ਕੇ ਸੰਤ ਜਨ ਸਿਮਰਤੇ ਹੈਂ ॥ ੧ ॥

Digitized by Panjab Digital Library | www.panjabdigilib.org

ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

ਤਾਂਤੇ ਹੇ ਭਾਈ ਤਿਸੀਕਾ ਦੇਖਨਾ ਔਰ ਤਿਸੀਕਾ ਜਸ ਸੁਣਨਾ ਕਰਕੇ ਔਰੋਂ ਕੋ ਭੀ ਤਿਸ ਸਚ ਸਰੂਪ ਵਾਹਿਗੁਰੂ ਕਾ ਉਪਦੇਸ਼ ਸੁਨਾਵਣਾ ਕਰਕੇ ਮਨ ਮੈਂ ਦ੍ਰਿੜ ਕਰੀਏ ॥

ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥ ੨ ॥

ਜੋ ਸਰਬਤ੍ਰ ਮੈਂ ਪੂਰਨ ਹੋਇ ਰਹਿਆ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਭਾਈ ਤਿਸ ਹਰੀ ਕੇ ਪ੍ਰੇਮ ਮੈਂ ਰਚੋ ॥ ੨ ॥

ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥

ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥

ਹੇ ਭਾਈ ਏਕ ਹਰੀ ਨਿਰੰਜਨ ਕੋ ਗਾਈਐ ਕਿਉਂਕਿ ਸਰਬ ਕੇ ਅੰਤਰ ਸੋਈ ਵਿਆਪਕ ਸਰੂਪ ਹੈ ਵਹੁ (ਕਾਰਣ) ਮਹਤਤ ਆਦਿਕੋਂ ਕੇ ਕਰਨੇ ਹਾਰਾ ਸਮਰਥ ਪ੍ਰਭੂ ਜੋ ਕਰਤਾ ਹੈ ਸੋਈ ਹੋਤਾ ਹੈ ॥

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥

ਏਕ ਖਿਨ ਮੈਂਅਸਥਾਪਨ ਕਰ ਔਰ (ਉਥਾਪਦਾ) ਉਠਾਇ ਦੇਤਾ ਹੈ ਐਸਾ ਸਮਰਥ ਤਿਸ ਤੇ ਬਿਨਾਂ ਔਰ ਕੋਈ ਨਹੀਂ ਹੈ ਖੰਡ ਔ ਬ੍ਰਹਮੰਡ ਪਾਤਾਲ ਦੀਪ ਆਦੀ ਸਰਬ ਲੋਕੋਂ ਮੈਂ ਪੂਰਨ ਹੋ ਰਹਿਆ ਹੈ ਵਾ ਤਿਸਕੀ (ਲੋਈ) ਜੋਤਿ ਪੂਰਨ ਹੈ ॥

ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥ ੧ ॥

ਪਰੰਤੂ ਜਿਸਕੋ ਆਪ ਹੀ ਅਪਨਾ ਸਰੂਪ ਗੁਰੋਂ ਦੁਆਰੇ ਸਮਝਾਵੇਗਾ ਸੋ ਜਾਣੇਗਾ ਅਰ ਜਿਸਨੇ ਸਮਝਾ ਹੈ ਸੋਈ ਸੰਤ ਜਨ ਨਿਰਮਲ ਹੈ ॥ ੧ ॥

ਸਲੋਕ ॥ ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥

ਹੇ ਭਾਈ ਜੋ ਵਾਹਿਗੁਰੂ ਮਾਤਾ ਕੇ ਗਰਭ ਮੈਂ (ਅਸ਼ਥਾਪਨੰ) ਇਸਥਿਤਿ ਕਰਕੇ ਜੀਵੋਂ ਕੀ ਰਚਨਾ ਰਚਤਾ ਹੈ ॥

ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਸਮੇਂਏਹ ਜੀਵ ਸੁਆਸ ਸੁਆਸ ਤਿਸਕਾ ਸਿਮਰਨ ਕਰਤਾ ਹੈ ਤਿਸੀ ਤੇ ਵਹੁ ਉਦਰ ਕੀ ਮਹਾ ਅਗਨੀ ਜੋ ਹੈ ਸੋ ਇਹ ਕੇ ਨਾਸ ਨਹੀਂ ਕਰਤੀ ਹੈ ॥ ੧ ॥

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥

ਪੁਨਾ ਮੁਖ ਨੀਚਾ ਹੋਤਾ ਹੈ ਔ ਪੈਰ ਉਪਰ ਹੋਤੇ ਹੈਂ ਤਹਾਂ (ਕੁਹਥੜੈ) ਮਲੀਨ ਅਸਥਾਨ ਮੈਂ ਨਿਵਾਸ ਕਰਤਾ ਥਾ ॥

ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰੈ ਜਿਸਦੈ ਨਾਇ ॥ ੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਭਾਈ ਸੋ (ਧਣੀ) ਸੁਆਮੀ ਤੈਨੇ ਅਬ ਕਿਉਂ ਵਿਸਾਰਿਆ ਹੈ ਅਰਥਾਤ ਤਿਸਕਾ ਸਿਮਰਣ ਕਿਉਂ ਨਹੀਂ ਕਰਤਾਹੈਂ ਜਿਸਕੇ ਨਾਮਕਰ ਤੂੰ ਐਸੇ ਗਰਭ ਅਸਥਾਨਸੇ ਨਿਕਸਿਆਹੈਂ ਵਾ ਆਗੇ ਕਲਿਆਣ ਪਾਵੈਂਗਾ ॥੨॥

ਪਉੜੀ ॥ ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥

ਪ੍ਰਿਥਮੈ ਜਿਸ ਵਾਹਿਗੁਰੂ ਨੇ ਤੇਰੇ ਕੋ ਮਾਤਾ ਕੀ ਰਕਤ ਔ ਪਿਤਾ ਕੇ ਬੀਰਜ ਸੇ ਅਗਨੀ ਵਾ ਉਦਰ ਬੀਚ ਨਿੰਮਿਆ ਹੈ ॥

ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥

(ਉਰਧ) ਉਲਟਾ ਮੁਖ ਕੀਆ ਹੁਆ (ਕੁਚੀਲ) ਅਪਵਿਤ੍ਰ ਗਰਭ ਅਸਥਾਨ ਮੈਂ ਤੂੰ (ਬਿਕਲੁ) ਵਿਆਕੁਲ ਭਾਵ ਦੁਖੀ ਹੋਤਾ ਥਾ ਅਰ ਘੋਰ ਅੰਧੇਰੇ ਨਰਕ ਮੈ ਤੂੰ ਪੜਾ ਥਾ ॥

ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰਧਾਰਿ ॥

ਤਿਸ ਮੈਂ ਹਰੀ ਕੋ ਸਿਮਰਿਆਂ ਹੋਇਆਂ ਤੂੰ ਗਰਭ ਕੀ ਅਗਨੀ ਸੇ ਨਾ ਜਲਤਾ ਭਇਆ। ਅਬ ਭੀ ਤਿਸਕੋ ਮਨ ਤਨ ਸੇ ਰਿਦੇ ਮੈਂ ਧਾਰਨ ਕਰ ॥

ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥

ਜਿਸ ਵਾਹਿਗੁਰੂ ਨੇ ਤੇਰੇ ਕੋ ਐਸੇ (ਬਿਖਮ) ਔਖੇ ਅਸਥਾਨ ਮੈਂ ਅਗਨੀ ਸੇ ਰਖਿਆ ਕਰੀ ਹੈ ਤਿਸਕੋ ਹੇ ਭਾਈ ਅਬ (ਤਿਲੁ) ਥੋੜੇ ਮਾਤ੍ ਭੀ ਵਿਸਾਰ ਨਹੀਂ ॥

ਪ੍ਰਭੁ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥ ੨ ॥

ਕਿਉਂਕਿ ਪ੍ਰਭੂ ਕੇ ਵਿਸਰਨੇ ਤੇ ਤੇਰੇ ਕੋ ਸੁਖ ਕਬੀਂ ਨਹੀਂ ਹੋਇਗਾ ਔਰ ਇਸ ਮਨੁਖ ਜਨਮ ਕੋ ਹਾਰ ਕਰ ਚਲਾ ਜਾਵੇਗਾ ਭਾਵ ਸੇ ਵਿਅਰਥ ਗਵਾਵੇਗਾ ॥ ੨ ॥

ਸਲੋਕ ॥ ਮਨ ਇਛਾ ਦਾਨ ਕਰਣੰ ਸਰਬਤ੍ ਆਸਾ ਪੂਰਨਹ ॥

Digitized by Panjab Digital Library | www.panjabdigilib.org

ਜੋ ਵਾਹਿਗੁਰੂ ਮਨ ਇਛਤ ਪਦਾਰਥ ਦਾਨ ਕਰਣੇਹਾਰਾ ਹੈ ਔਰ ਸਰਬ ਆਸਾ ਕੋ ਪੂਰਨ ਕਰਤਾ ਹੈ ॥

ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥ ੧ ॥

ਪੁਨਾ (ਕਲਿ) ਕਲਪਨਾ ਔ ਅਵਿਦਜਾ ਆਦੀ ਕਲੇਸੋਂ ਕੋ (ਖੰਡਣੰ) ਨਾਸ ਕਰਨੇਹਾਰਾ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਭਾਈ ਤਿਸ ਪ੍ਰਭੂ ਕੋ ਸਿਮਰ ਜੋ ਤੇਰੇ ਸੇ ਦੂਰ ਨਹੀਂ ਹੈ ਭਾਵ ਸੇ ਤੇਰੇ ਅੰਤਰ ਹੀ ਹੈ ॥ ੧ ॥

ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ ॥

ਜਿਸਕੇ ਸਾਥ ਮਿਲਕੇ ਤੂੰ(ਹਭਿ)ਸਰਬ(ਰੰਗਿ)ਅਨੰਦ(ਮਾਣਹਿ)ਭੋਗੇਂਹੇਭਾਈ ਤਿਸੀ ਕੇ ਸਾਥ(ਨੇਹੁ)ਪ੍ਰੇਮਕੋਲਗਾਵਨਾਕਰੀਏ॥

ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਸੋ ਸਰਬ ਕਾ (ਸਹੁ) ਪਤੀ (ਬਿੰਦ)ਥੋੜੇ ਮਾਤ੍ਰ ਭੀ ਨ ਬਿਸਰ ਜਾਵੇ ਜਿਸਨੇ ਇਹ ਮਾਨੁਖ ਸਰੀਰ ਪਰਮ ਸੁੰਦਰ ਰਚਿਆ ਹੈ ॥ ੨ ॥

ਪਉੜੀ ॥ ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ ॥
ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ ॥

ਹੇ ਭਾਈ ਜਿਸ ਵਾਹਿਗੁਰੂ ਨੇ ਤੇਰੇ ਕੋ ਇਹ(ਜੀਉ)ਚੇਤਨ ਸਤਾ ਔ ਪ੍ਰਾਨ ਮਨ ਤਨ ਆਦੀ ਪਦਾਰਥੋਂ ਕਾ ਸਮਦਾਇ ਦੀਆ ਹੈ ॥ ਪੁਨਾ ਰਸੋਂ ਕੇ ਭੋਗ ਦੀਏ ਹੈਂ ਤੇਰੇ ਕੋ ਘਰ ਔਰ ਮੰਦਰ ਰਥ ਔ (ਅਸੁ) ਘੋੜੇ ਆਦੀ ਪਦਾਰਥ ਦੀਏ ਹੈਂ ਔਰ ਭਲੇ ਸੰਜੋਗ ਰਚੇ ਹੈਂ ॥

ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ ॥
ਹਰਿ ਸਿਮਰਤ ਤਨੁ ਮਨੁ ਹਰਿਆ ਲਹਿਜਾਹਿ ਵਿਜੋਗ ॥

ਜਿਸ ਦੇਵਣੇ ਜੋਗ ਪ੍ਰਭੂ ਨੇ ਤੇਰੇ ਕੋ ਪੁਤ੍ਰ ਇਸਤ੍ਰੀ ਮਿਤ੍ਰ ਸੇਵਕ ਦੀਏ ਹੈਂ ਤਿਸ ਹਰੀ ਕੋ ਸਿਮਰਤਿਆਂ ਹੋਇਆਂ ਤੇਰਾ ਤਨ ਮਨ ਹਰਿਆ ਹੋਇਗਾ ਔਰ ਸੰਪੂਰਨ ਵਿਜੋਗ ਦੂਰ ਹੋਜਾਵੇਂਗੇ ॥

ਸਾਧ ਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ ॥ ੩ ॥

ਤਾਂਤੇ ਸੰਤੋਂ ਕੀ ਸੰਗਤ ਮੈਂ ਹਰੀ ਕੇ ਗੁਣੋਂ ਕੋ ਉਚਾਰਨ ਕਰੇਂਗਾ ਤਉ ਸਰਬ ਰੋਗ ਤੇਰੇ ਬਿਨਸ ਜਾਏਂਗੇ ॥ ੩ ॥

ਸਲੋਕ ॥ ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ ॥

ਜੋ ਜੀਵ ਅਪਨੇ ਕੁਟੰਬ ਕੇ ਪਾਲਨੇ ਹੇਤ ਜਤਨ ਕਰ ਮਾਯਾ ਕੇ ਵਾਸਤੇ ਅਨੇਕ ਉਦਮ ਕਰਤੇ ਹੈਂ ॥

ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਹ ॥ ੧ ॥

ਪਰੰਤੂ ਹਰੀ ਕੀ ਪ੍ਰੇਮਾ ਭਗਤੀ ਸੇ ਹੀਣ ਹੈਂ ਸ੍ਰੀ ਗੁਰੂ ਜੀ ਕਹਤੇ ਹੈਂ ਪ੍ਰਭੂ ਕੇ ਵਿਸਰਨੇ ਤੇ ਵਹੁ ਪੁਰਸ ਪ੍ਰੇਤ ਹੋਤੇ ਹੈਂ ਵਾਪ੍ਰੇਤ ਹੀ ਹੋ ਰਹੇ ਹੈਂ ॥ ੧ ॥

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ ॥

ਸੋ ਸੰਸਾਰ ਕੀ ਪ੍ਰੀਤ ਟੂਟ ਗਈ ਹੈ ਜੋ ਇਸ ਜੀਵ ਸੇ ਹਰੀ ਸੇ ਬਿਨਾ ਵਿਸੇਸ ਕਰਕੇ ਔਰੋਂ ਸਾਥ ਲਗਾਈ ਹੋਈ ਥੀ ॥

ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਸੋਈ ਸਚੀ ਰੀਤੀ ਹੈ ਜੋ ਤਿਸ ਸਾਂਈ ਕੇ ਸਾਥ ਰਤਿਆਂ ਰਹਣਾ ਹੈ ॥ ੨ ॥

ਪਉੜੀ ॥ ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ ॥

ਜਿਸ ਚੇਤਨ ਸੱਤਾ ਕੇ (ਬਿਸਰਤ) ਬਿਛੜਨੇ ਸੇ ਸਰੀਰ ਭਸਮ ਹੋਇ ਜਾਤਾ ਹੈ ਔਰ ਸਰਬ ਸਨਬੰਧੀਪ੍ਰੇਤਉਚਾਰਨਕਰਤੇਹੈਂ।

ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ ॥

ਜਿਨ ਸੰਬੰਧੀਓਂ ਕੇ ਸਾਥ ਇਸਕਾ ਪ੍ਰੇਮ ਥਾ ਸੋ ਏਕ ਖਿਨ ਮਾਤ੍ਰ ਭੀ ਇਸਕੇ ਸਰੀਰ ਕੇ ਗ੍ਰਿਹ ਮੈ ਵਸਣੇ ਨਹੀਂ ਦੇਤੇ ਹੈਂ ॥

ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥

ਇਸ ਜੀਵ ਨੇ ਅਨਰਥੋਂ ਕੋ ਕਰਕੇ ਜੋ ਧਨ ਇਕਤ੍ਰ ਕੀਆ ਥਾ ਸੋ ਸੁਭ ਕਰਮੋਂ ਲਗਾਏ ਬਿਨਾ ਇਸਕੇ ਕਿਆ ਕਾਰਜ ਆਯਾ ਭਾਵ ਸੇ ਕਿਸੀ ਕੰਮ ਨਹੀਂ ਹੈ॥

ਜੈਸਾ ਬੀਜੈ ਸੋ ਲੁਣੈ ਕਰਮਾ ਏਹੁ ਖੇਤੁ ॥

ਇਹ ਸਰੀਰ ਕਰਮੋਂ ਕਾ ਖੇਤ ਹੈ ਇਸ ਮੈਂ ਜੈਸਾ ਇਹ ਬੀਜਤਾ ਹੈ ਸੋਈ (ਲੁਣੈ) ਕਾਟਤਾ ਹੈ ਭਾਵ ਸੇ ਇਸ ਮਾਨਸਦੇਹੀ ਕੋ ਪਾਇ ਕਰ ਜੈਸੇ ਕਰਮ ਕਰਤਾ ਹੈ ਤੈਸੇ ਹੀ ਫਲ ਪਾਵਤਾ ਹੈ ॥

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ ੪ ॥

Digitized by Panjab Digital Library | www.panjabdigilib.org

ਜਿਨ ਵਾਹਿਗੁਰੂ ਕੇ ਉਪਕਾਰ ਨ ਜਾਨਣੇਹਾਰੇ ਕ੍ਰਿਤਘਨੋਂ ਕੋ ਹਰੀ ਬਿਸਰਿਆ ਹੈਸੋਪੁਰਸਜੋਨੀਓਂਮੈਂ ਭਰਮਤੇਰਹਤੇਹੈਂ॥੪॥

ਨਾਮ ਕਾ ਮਹਾਤਮ ਉਚਾਰਨ ਕਰਤੇ ਹੈਂ ॥

ਸਲੋਕ ॥ ਕੋਟਿ ਦਾਨ ਇਸਨਾਨੰ ਅਨਿਕ ਸੋ ਧਨ ਪਵਿਤ੍ਰਹ ॥

ਕ੍ਰੋੜੋਂ ਦਾਨ ਔ ਤੀਰਥ ਇਸਨਾਨ ਔਰ ਵਿਚਾਰ ਸਹਿਤ ਅਨੇਕ ਪਵਿਤ੍ਰਤਾ ਤਿਸਨੇ ਕਰ ਲਈਆਂ ਹੈਂ ॥

ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਸ ਪੁਰਸ ਨੇ ਰਸਨਾ ਸੇ ਹਰਿ ਹਰਿ ਨਾਮ ਕੋ ਉਚਾਰਨ ਕੀਆ ਹੈਤਿਸਕੇਸਰਬਪਾਪ(ਬਿਮੁਚਤੇ) ਵਸੇਸ ਕਰਕੇ ਕਟੇ ਜਾਤੇ ਹੈਂ ॥ ੧ ॥

ਪ੍ਰਸ਼ਨ ॥ ਨਾਮ ਤੋ ਦੇਖਣੇ ਮੈਂ ਅਲਪ ਹੀ ਹੈ ਤਿਸ ਸੇ ਏਤੇ ਪਾਪ ਕੈਸੇ ਕਾਟੇ ਜਾਤੇ ਹੈਂ ? ਉਤ੍ਰ ॥

ਈਧਣੁ ਕੀ ਤੋਮੁ ਘਣਾ ਭੋਰੀ ਦਿਤੀ ਮੁਭਾਹਿ ॥

ਦ੍ਰਿਸਟਾਂਤ ਜੈਸੇ (ਈਧਣੁ) ਲਕੜੀਆਂ ਕਾ ਸਮਦਾਯ (ਘਣਾ) ਬਹੁਤਾ (ਕੀਤੋਮੁ) ਕੀਆ ਹੈ (ਭੋਰੀ) ਥੋੜੇ ਮਾਤ੍ਰਭੀ (ਭਾਹਿ) ਅਗਨੀ ਤਿਸ ਮੈਂ (ਦਿਤੀਮੁ) ਲਗਾਇ ਦਿਤੀ ਹੋਵੇ ਤਬ ਵਹੁ ਸਭ ਜਲ ਕਰ ਭਸਮ ਹੋ ਜਾਤਾ ਹੈ ॥

ਮਨਿ ਵਸੰਦੜੇ ਸਚੁ ਸਹੁ ਨਾਨਕ ਹਭੇ ਡੁਖੜੇ ਊਲਾਹਿ ॥ ੨ ॥

ਤੈਸੇ ਹੀ ਜਬ ਮਨ ਮੈਂ ਸਚਾ ਸਹੁ ਪਤੀ ਪਰਮੇਸ੍ਵਰ ਆਇ ਵਸੈ ਸ੍ਰੀ ਗੁਰੂ ਜੀ ਕਹਤੇ ਹੈਂ ਤਬ ਇਸ ਜੀਵ ਕੇ ਵਹੁ ਸੰਪੂਰਨ ਦੁਖ ਪਾਪ ਲਾਹਿ ਦੇਤਾ ਅਰਥਾਤ ਦੂਰ ਕਰ ਦੇਤਾ ਹੈ ॥ ੨ ॥

ਪਉੜੀ ॥ ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥

ਹੇ ਭਾਈ ਜੋ ਕੋਟਾਨ ਕੋਟ ਪਾਪ ਸੰਪੂਰਨ ਹਰੀ ਕਾ ਨਾਮ ਸਿਮਰਨੇ ਤੇ ਨਾਸ ਹੋ ਜਾਤੇ ਹੈਂ ਜਿਸ ਹਰੀ ਕੇ ਜਾਪਸੇ ਮਨਬਾਂਛਤ ਫਲ ਪਾਈਤੇ ਹੈਂ ਤਿਸ ਹਰੀ ਕੇ ਗੁਣੋਂ ਕੋ ਗਾਇਨ ਕਰ ॥

ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ॥ਪੂਰਬਿ ਹੋਵੈਲਿਖਿਆ ਹਰਿਚਰਣਸਮਾਉ॥

ਪੁਨਾ ਜਨਮ ਮਰਨ ਕਾ ਭੈ ਕਟੀਤਾ ਹੈ ਔਰ ਸਚੇ ਸਰੂਪ ਅਸਥਾਨ ਮੈਂ ਨਿਸਚਲ ਹੋਈਤਾ ਹੈ ਭਾਵਸੇਤਿਸਕਾਸਿਮਰਨਕਰ॥ ਪਰੰਤੂ ਜੇਕਰ ਪੂਰਬ ਜਨਮੋਂ ਕਾ ਲੇਖ ਲਿਖਾ ਹੋਵੈ ਤਬ ਹਰੀ ਕੇ ਚਰਨੋਂ ਮੈਂ ਸਮਾਵਨਾ ਹੋਵੇਗਾ ਤਾਂਤੇ ਐਸੇ ਬੇਨਤੀ ਕਰ ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥ ੫ ॥

ਹੇ ਪ੍ਰਭੂ ਹਮਾਰੇ ਪਰ ਕ੍ਰਿਪਾ ਕਰਕੇ ਰਾਖ ਲੇਵੋ ਸ੍ਰੀ ਗੁਰੂ ਜੀ ਕਹਤੇ ਹੈਂ ਜੋ ਐਸੇ ਬੇਨਤੀ ਕਰੰਤੇ ਹੈਂ ਹਮ ਤਿਨੋਂ ਪਰ ਬਲਿਹਾਰ ਜਾਤੇ ਹੈਂ ॥ ੫ ॥

ਸਲੋਕ ॥ ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ ॥

ਜੋ ਜੀਵ(ਗ੍ਰਿਹ) ਘਰ ਕੀ ਅਪਾਰ ਰਚਨਾ ਮੈਂ ਲਗ ਕਰਕੇ ਮਨ ਮੈਂ ਬਿਲਾਸੋਂ ਕੇ ਰਸੋਂ ਕਾ ਸੁਆਦ ਲੇਤੇ ਹੈਂ ॥

ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜੋ ਕਬੀ ਰੰਚਕ ਮਾਤ੍ਰ ਭੀ ਹਰੀ ਨਾਮ ਕੋ ਸਿਮਰਨ ਨਹੀਂ ਕਰਤੇ ਹੈਂ ਸੋ ਵਿਸ਼ਟਾ ਕੇ ਕਿਰਮ ਹੋਤੇ ਹੈਂ ॥ ੧ ॥

ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ ॥

ਇਹੁ ਜੀਵ ਜਿਸ ਸਰੀਰ ਕਰਕੇ ਪਦਾਰਥੋਂ ਕੇ ਵਾਸਤੇ (ਅਡੰਬਰੁ) ਅਰੰਭ ਕੀ (ਮੁਚੁ) ਵਡੇ ਕਰਤਾ ਹੈ ਪੁਨਾ ਜਿਸਕੇ ਪਾਸ ਹਰੀ ਦਾ ਦੀਆ ਹੁਆ ਔਰ ਭੀ ਸਭ ਕਿਛ ਅਰਥਾਤ ਸਭ ਪਦਾਰਥ ਹੈਂ ਅਰ ਰਿਦੇ ਕੇ ਬੀਚ ਪਰਮੇਸਰ ਦੀ (ਮੁਹਬਤਿ) ਪ੍ਰੀਤੀ (ਨੇਹ) ਨਹੀਂ ਹੈ ॥

ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ ॥੨ ॥

ਸੋ ਐਸਾ ਸਾਂਈ ਅਰਥਾਤ ਜਿਸਨੇ ਪਦਾਰਥ ਦੀਏ ਹੈਂ ਜਿਸਕੋ ਵਿਸਰਤਾ ਹੈ ਸ੍ਰੀਗੁਰੂ ਜੀ ਕਹਿਤੇ ਹੈਂ ਸੋ ਪੁਰਸ਼ ਕਾ ਤਨ ਖੇਹ ਵਤ ਹੈ । ਅਰਥਾਤ ਨਿਸਫਲ ਹੈ॥ ੨ ॥

ਪਉੜੀ ॥ ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥

ਮੋਤੀ ਹੀਰੇ ਲਗੇ ਹੁਏ ਸ੍ਵਰਨ ਕੇ ਘਰੋਂ ਮੈਂ ਚੰਦਨ ਆਦੀ ਸੁਗੰਧੀ ਲਗਾਇ ਕਰਕੇ ਜਿਸ ਵਾਹਿਗੁਰੂ ਕੀ ਕਿਰਪਾ ਸੇ ਇਹ ਜੀਵ ਸੁੰਦਰ ਸੇਜਾ ਔਰ ਸੁਖੋਂ ਸਹਿਤ ਪੂਰੇ ਰਸੋਂ ਕੋ ਭੋਗਣ ਕਰਤੇ ਹੈਂ ॥

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇਕੀਰੇ॥

ਮਨ ਇਛਤ ਸੁਖੋਂ ਕੋ ਭੋਗਤਾ ਹੈ ਔਰ ਕਿਛ ਝੋਰੇ ਭੀ ਨਹੀਂ ਹੈਂ । ਪਰੰਤੂ ਸੋ ਪ੍ਰਭੂ ਚਿਤ ਮੈਂ ਨਹੀਂ ਆਵਤਾ ਹੈ ਭਾਵ ਸੇ

Digitized by Panjab Digital Library | www.panjabdigilib.org

ਤਿਸਕਾ ਸਿਮਰਨ ਨਹੀਂ ਕਰਤੇ ਹੈਂ ਸੋ ਅੰਤ ਕੋ ਵਿਸ਼ਟਾ ਕੇ ਕੀੜੇ ਕਿਰਮ ਹੋਤੇ ਹੈਂ ਵਾ ਸੋ ਪਰਸ ਅਬ ਕੀ ਵਿਸ਼ਟਾ ਕੇ ਕੀੜੇ ਜਾਣੋ ॥

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥ ੬ ॥

ਹਰੀ ਕੇ ਨਾਮ ਸੇ ਬਿਨਾਂ ਸਾਂਤੀ ਨਹੀਂ ਹੋਤੀ ਹੈ ਤਾਂਤੇ ਕਿਸ ਪ੍ਰਕਾਰ ਇਸ ਜੀਵ ਕਾ ਮਨ ਧੀਰਜ ਕੋ ਪ੍ਰਾਪਤਿ ਹੋਵੇ ॥ ੬ ॥

ਸਲੋਕ ॥ ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥

ਜੋ ਪਰਮੇਸਰ ਕੇ ਚਰਨ ਕਮਲੋਂ ਕੇ(ਬਿਰਹੰ) ਪ੍ਰੇਮੀ ਹੈਂ ਸੋ ਵੈਰਾਗਵਾਨ ਹੋਕਰ ਹਰੀ ਕੋ ਦਸੋ ਦਿਸਾ ਮੈਂ ਖੋਜਤੇ ਫਿਰਤੇ ਹੈਂ ॥

ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥ ੧ ॥

ਔ ਕਪਟ ਰੂਪ ਮਾਯਾ ਕੋ ਤਿਆਗਤੇ ਹੈਂ ਸ੍ਰੀ ਗੁਰੂ ਜੀ ਕਹਿਤੇ ਹੈਂ ਸੰਤੋਂ ਕੇ ਸੰਗ ਮੈਂ ਮਿਲ ਕਰ ਸੋ ਅਨੰਦਰੂਪਭਏਹੈਂ॥੧॥

ਮਨ ਸਾਂਈ ਮੁਖਿ ਉਚਰਾਵਤਾ ਹਭੇ ਲੋਅ ॥ ਨਾਨਕ ਹਭਿ
ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥ ੨ ॥

ਜਿਸਕੇ ਮਨ ਮੈਂ (ਸਾਈ) ਵਾਹਿਗੁਰੂ ਹੈ ਔਰ ਮੁਖਤੇ ਭੀ ਤਿਸੀ ਕਾ ਨਾਮ ਉਚਾਰਤਾ ਹੈ ਵਹੁ ਯਦਿਪ ਸਰਬ ਲੋਕੋਂ ਬੀਚਹੀ (ਵਤਾ) ਫਿਰਤਾ ਹੈ ਅਰਥਾਤ ਬਾਹਰੋਂ ਅੰਨ ਜੀਵੋਂ ਕੇ ਸਮਾਨ ਪਤਤ ਪਰਵਾਹ ਬਿਉਹਾਰ ਕਰਤਾ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਪਰੰਤੂ ਜਿਸਨੇ (ਹਭਿ) ਸੰਪੂਰਨ ਮਾਇਕ ਅਡੰਬਰ ਝੂਠੇ ਜਾਨੇ ਹੈਂ ਤਿਨਕੀ ਸਚੀ (ਸੋਇ) ਸੋਭਾ ਕੋ ਸੁਣ ਕਰ ਮੈ ਜੀਵਤਾ ਹੰ ॥ ੨ ॥

ਪਉੜੀ ॥ ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥

ਜੋ ਪੁਰਸ ਟੂਟੀ ਹੋਈ (ਝੁੰਪੜੀ) ਝੁਗੀ ਮੈਂ ਬਸਤਾ ਹੈ ਔ ਜਿਸਕਾ ਬਸਤ੍ਰ ਭੀ ਸਭ (ਛਿੰਨਾ)ਫਟਾਹੁਆਹੈਪੁਨਾਜਿਸਕੀਸ੍ਰੇਸ਼ਟ ਜਾਤੀ ਭੀ ਨਹੀਂ ਹੈਂ ਔ ਨਾ ਪਤ ਹੀ ਬਨੀ ਹੋਈ ਹੈ ਨਾ ਕੋਈ ਆਦਰ ਕਰਤਾ ਹੈ ਅਰ ਉਜਾੜ ਮੈਂ ਭ੍ਰਮਤਾ ਹੈ ॥

ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥

ਨਾ ਕੋਈ ਅਤੀ (ਇਠ) ਪਿਆਰਾ ਮਿਤ੍ਰ ਹੈ ਧਨ ਔ ਰੂਪ ਸੇ ਭੀ ਹੀਨ ਹੈ ਔਰ ਕੋਈ ਜਿਸਕਾ (ਸਿੰਨਾ) ਸਨਿਗਧ ਸਾਕ ਭੀ ਨਹੀਂ ਹੈ ਪਰੰਤੂ ਜਿਸਕਾ ਮਨ ਹਰੀ ਕੇ ਨਾਮ ਮੈਂ ਭਿੰਨਾ ਹੁਆ ਹੈ ਵਹੁ ਸੰਪੂਰਨ ਸ੍ਰਿਸ਼ਟੀ ਕਾ ਰਾਜਾ ਹੈ ਅਰਥਾਤ ਓਹ ਹਰੀ ਰਪ ਹੈ ॥

ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ ॥ ੭ ॥

ਤਿਸ ਸੰਤ ਜਨ ਕੀ ਚਰਨ ਧੂੜੀ ਕਰਕੇ (ਮਨੁ) ਜੀਵ (ਉਧਰੈ) ਕਲਿਆਨ ਕੋ ਪਾਵਤਾ ਹੈ ਪਰੰਤੂ ਧੂੜੀ ਤੋ ਮਿਲਤੀ ਹੈ ਜੋ ਪ੍ਰਭੂ ਪ੍ਰਸੰਨ ਹੋਤਾ ਹੈ ॥ ੭ ॥

ਸਲੋਕ ॥ ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥

ਇਹ ਜੀਵ ਰਾਜ ਕੇ ਰਸ ਕੋ ਲੇਤਾ ਹੁਆ ਅਨੇਕ ਲੀਲਾ ਕਰਤਾ ਹੈ ਤਖਤ ਪਰ (ਆਸਨੰ) ਇਸਥਿਤ ਹੋਕਰ ਛਤ੍ਰ ਔਰ ਚੋਰ ਕੋ ਸਿਰ ਪਰ ਫਿਰਾਵਤਾ ਹੈ ॥

ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥ ੧ ॥

ਅਗਿਆਨ ਕਰਕੇ ਅੰਧਾ ਹੁਆ ਇਹ ਮੂਰਖ ਜੀਵ ਇਨ ਪਦਾਰਥੋਂ ਮੈਂ ਰਚ ਰਹਾ ਹੈ ਸ੍ਰੀ ਗੁਰੂ ਜੀ ਕਹਿਤੇਹੈਂਇਹਮੂੜਐਸੇ ਨਹੀਂ ਜਾਨਤਾ ਹੈ ਕਿ ਇਹ ਸੰਪੂਰਨ ਪਦਾਰਥ ਸੁਪਨੇ ਵਤ ਔ ਮਨੋਂ ਰਾਜ ਕੇ ਈਸ੍ਵਰਜ ਸਮ (ਮਾਇਆ) ਛਲ ਰੂਪ ਝੂਠੇ ਹੈਂ ॥ ੧ ॥

ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥

ਇਸ ਜੀਵ ਨੇ ਜਾਗ੍ਰਤ ਮੈਂ ਹੀ ਸੁਪਨੇ ਸਮ ਸੰਪੂਰਨ ਵਿਸ਼ਿਅਹੁ ਕੇ (ਰੰਗ) ਅਨੰਦ ਕੋ ਭੋਗਿਆ ਹੈ ਔਰ ਪਰਵਾਰ ਕਾ ਮੋਹ ਇਸਕੋ ਮਿਠਾ ਲਾਗਾ ਹੈ ॥

ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥ ੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਪਰੰਤੂ ਨਾਮ ਸੇ ਬਿਨਾਂ ਇਹ ਸੁੰਦਰ ਮਾਇਆ ਸਭ (ਧ੍ਰੋਹ) ਛਲਨੇ ਵਾਲੀ ਹੈ ਭਾਵ ਸੇ ਨਾਸ ਹੋ ਜਾਤੀ ਹੈ ॥ ੨ ॥

ਪਉੜੀ ॥ ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥
ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥

ਸੁਪਨੇ ਕੇ ਪਦਾਰਥੋਂ ਸਾਥ ਇਸ ਮੂਰਖ ਜੀਵ ਨੇ ਅਪਨਾ ਚਿਤ ਲਗਾਇਆ ਹੁਆ ਹੈ ਰਾਜ ਆਦੀ ਭੋਗੋਂ ਕੇਰਸੋਂਮੈਂ ਜਾਗਤਾ

Digitized by Panjab Digital Library | www.panjabdigilib.org

ਹੂਆ ਤ੍ਰਿਸ਼ਨਾ ਔਰ ਈਰਖਾ ਸੇ (ਭਖਲਾਇਆ) ਤਪਤਾ ਰਹਤਾ ਹੈ ਵਾ ਜਬ ਪਰਲੋਕ ਮੈਂ ਜਾਨੇ ਰੂਪ ਜਾਗ੍ਰਤ ਭਈ ਤਬ ਰਾਜ ਆਦੀ ਰਸੋਂ ਕੇ ਭੋਗ ਵਿਸਰੇ ਨਰਕੋਂ ਕੀ ਅਗਨੀ ਸੇ ਤਪਤਾ ਹੈ ਵਾ ਪਸਚਾਤਾਪ ਕਰਤਾ ਹੈ ॥

ਆਰਜਾ ਗਈ ਵਿਹਾਇ ਧੰਧੈ ਧਾਇਆ ॥ ਪੂਰਨ ਭਏ ਨ ਕਾਮ ਮੋਹਿਆ ਮਾਇਆ ॥

ਆਰਬਲਾ ਬਤੀਤ ਹੋ ਗਈ ਸਦਾ ਧੰਧ੍ਰਿਓਂ ਮੈਂ ਹੀ ਧਾਵਤਾ ਰਹਿਆ।ਪਰੰਤੂ ਇਹ ਮਾਇਆ ਕਾ ਮੋਹਿਆ ਹੂਆ ਜੋ ਜੀਵ ਹੈ ਤਿਸਕੇ ਕੰਮ ਨ ਪੂਰਨ ਹੋਤੇ ਭਏ ॥

ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ ੮ ॥

ਜੋ ਕਰਤਾਰ ਨੇ ਇਸਕੋ ਆਪ ਆਪਣੇ ਸਰੂਪ ਤੇ ਭੁਲਾਇਆ ਹੈ ਤੋ ਇਹ ਤੁਛ ਜੀਵ ਕਿਆ ਕਰ ਸਕਦਾ ਹੈ ॥ ੮ ॥

ਸਲੋਕ ॥ ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵਖੰਡਣਹ ॥

ਯਦਪ ਸ੍ਵਰਗ ਲੋਕ ਮੈਂ ਬਸਤੇ ਹੋਵੈਂ ਔਰ ਨਉ ਖੰਡ ਸੰਪੂਰਨ ਪ੍ਰਿਥਵੀ ਕੋ ਭੀ ਜੀਤ ਲੀਆ ਹੋਵੈ ॥

ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭ੍ਰਮਣਹ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜੇਕਰ ਤਿਨਕੇ ਮਨ ਤੇ ਗੋਪਾਲ ਕਾ ਹਰਿ ਨਾਮ ਭੁਲ ਗਿਆ ਹੈ ਤਬ ਤੇ ਵਹੁ ਪੁਰਸ ਸੰਸਾਰ (ਉਦਿਆਨ) ਉਜਾੜ ਮੈਂ ਭ੍ਰਮਤੇ ਹੈਂ ਭਾਵ ਸੇ ਜਨਮੋਂ ਕੋ ਪਾਵਤੇ ਹੈਂ ॥ ੧ ॥

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥ ੨ ॥

ਇਹ ਜੀਵ (ਕਉਤਕ) ਅਸਚਰਜ ਰੂਪ ਤਮਾਸੇ ਕ੍ਰੋੜੋਂ ਹੀ ਦੇਖਤਾ ਰਹੇ ਭਾਵ ਸੇ ਵਡੇ ਈਸ਼ਵਰਜ ਵਾਲਾ ਹੋਵੈ ਔਰ ਵਾਹਿਗੁਰੂ ਕਾ ਨਾਮ ਚਿਤ ਮੈਂ ਨਾ ਆਵੈ। ਸ੍ਰੀ ਗੁਰੂ ਜੀ ਕਹਿਤੇ ਹੈਂ ਵਹੁ ਪੁਰਸ਼ (ਕੋੜੀ) ਕੁਸ਼ਟੀ ਵਾ ਕ੍ਰੋੜੋਂ ਨਰਕੋਂ ਕੇ (ਬਰਾਬਰੇ) ਤੁਲ ਦੁਖੋਂ ਕੋ ਪਾਵਤਾ ਹੈ ਔਰ ਜਹਾਂ ਵਹੁ ਬੇਮੁਖ ਰਹਿਤਾ ਹੈ ਸੋ ਅਸਥਾਨੰ ਉਜਾੜ ਵਤ ਹੈ ॥ ੨ ॥

ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥

ਮਹਾਂ ਭੈ ਦਾਇਕ ਉਜਾੜ ਰੂਪ ਸੰਸਾਰ ਕੋ ਇਨ ਜੀਵੋਂ ਨੇ ਨਗਰ ਭਾਵਅਤੀਰੋਣਕ ਰੂਪ ਕਰਕੇ ਮਾਨਿਆ ਹੈ ਔਰ ਤਿਸਕੀ ਝੂਠੀ ਸਮਗ੍ਰੀ ਕੋ ਦੇਖ ਕਰ ਸਚ ਕਰਕੇ ਜਾਣਿਆਂ ਹੈ ॥

ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥

ਕਾਮ ਔ ਕ੍ਰੋਧ ਹੰਕਾਰ ਆਦੀ ਵਿਕਾਰੋਂ ਕਰਕੇ ਇਹ ਜੀਵ ਦਿਵਾਨੇ ਹੂਏ ਫਿਰਤੇ ਹੈਂ ਜਿਸ ਸਮੇਂ ਸਿਰ ਪਰ ਜਮ ਕਾ ਦੰਡਾ ਲਾਗਤਾ ਹੈ ਤਬ ਪਸਚਾਤਾਪ ਕਰਤੇ ਹੈਂ ॥

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ੯ ॥

ਪੂਰੇ ਸਤਿਗੁਰਦੇਵ ਕੇ ਮਿਲੇ ਬਿਨਾਂ (ਸੈਤਾਨਿਆ) ਕਾਮ ਕੇ ਵਿਗੋਏ ਹੂਏ ਫਿਰਤੇ ਹੈਂ ਵਾ ਸੈਤਾਨ ਰੂਪ ਹੂਏ ਫਿਰਤੇਹੈਂ॥੯॥

ਸਲੋਕ ॥ ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਭਤਹ ॥

ਹੇ ਭਾਈ ਰਾਜ (ਕਪਟੰ) ਛਲ ਰੂਪ ਹੈ ਔ ਸੁੰਦਰ ਰੂਪ ਭੀ ਛਲ ਰੂਪ ਹੈ ਪੁਨਾ ਧਨ ਔ ਕੁਲ ਔ ਇਨਕਾ ਹੰਕਾਰ ਸੰਪੂਰਨ ਛਲ ਰੂਪ ਹੈ ਭਾਵ ਸੇ ਨਾਸ ਰੂਪ ਹੈਂ ॥

ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥ ੧ ॥

ਔਰੋਂ ਕੋ (ਛਿਦ੍ਰੰ) ਦੋਸ਼ ਲਗਾ ਕਰਕੇ ਇਹ ਜੀਵ ਤਿਨ ਵਿਸ਼ਿਅਹੁੰ ਕੋ ਛਲ ਕਰਕੇ ਸੰਚਨ ਕਰਤਾ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਪਰੰਤੂ ਇਹ ਪਦਾਰਥ ਹਰੀ ਕੇ ਨਾਮ ਬਿਨਾਂ ਇਸਕੇ ਸਾਥ ਚਲਤੇ ਨਹੀਂ ਹੈਂ ॥ ੧ ॥

ਪੇਖੰਦੜੋ ਕੀ ਭੁਲੁ ਤੁਮਾ ਦਿਸਮੁ ਸੋਹਣਾ ॥
ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ ॥ ੨ ॥

ਹੇ ਜੀਵ ਤੂੰ ਇਨ ਪਦਾਰਥੋਂ ਕੋ ਦੇਖ ਕਰਕੇ ਕਿਉਂ ਭੂਲ ਰਹਾ ਹੈਂ ਜੈਸੇ ਤੁੰਮਾ ਫਲ ਦੇਖਨੇ ਮੈਂ ਤੋ ਸੁੰਦਰ ਦ੍ਰਿਸ਼ਟ ਆਵਤਾਹੈ। ਪਰੰਤੂ ਕਟਕ ਸੁਆਦ ਹੋਣੇ ਸੇ ਵਹੁ ਏਕ (ਅਢੁ) ਕੌਡੀ ਭੀ ਮੋਲ ਨਹੀਂ ਪਾਵਤਾ ਹੈ ਭਾਵ ਤੁਛ ਫਲ ਹੈ ਤੈਸੇ ਇਹੁ ਮਾਇਆ ਜਨ ਸੁਖ ਦੁਖ ਰੂਪ ਹੈਂ ਅਰ ਸੋ ਮਾਇਆ ਸਾਥ ਭੀ ਨਹੀਂ ਚਲਤੀ ਹੈ ॥ ੨ ॥

ਪਉੜੀ ॥ ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥
ਤਿਸਕਾ ਕਹੁ ਕਿਆ ਜਤਨੁ ਜਿਸਤੇ ਵੰਞੀਐ ॥

ਹੇ ਭਾਈ ਜੋ ਮਾਇਆ ਚਲਤਿਆਂ ਹੋਇਆਂ ਅਪਨੇ ਸਾਥ ਨਹੀਂ ਚਲੇਗੀ ਤਿਸਕੋ ਕਿਉਂ ਸੰਚਨ ਕਰੀਏ ਅਰ ਤਿਸਕਾ ਕਹੁ ਤੋ ਕਿਆ ਜਤਨ ਕਰਨਾ ਹੈ ਜਿਸਤੇ ਵਿਛੜ ਜਾਨਾ ਹੈ ॥

Digitized by Panjab Digital Library | www.panjabdigilib.org

ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾਮਨੁਰੰਜੀਐ ॥
ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥
ਹਰੀ ਕੇ ਵਿਸਰੇ ਤੇ ਕੈਸੇ ਤ੍ਰਿਪਤੀ ਆਵੈ ਅਰਥਾਤ ਨਹੀਂ ਆਵਤੀ ਔ ਨਾ ਮਨਹੀਂ (ਰੰਜੀਐ) ਪ੍ਰਸੰਨ ਹੋਤਾ ਹੈ ਜੋ ਪ੍ਰਭੂ ਕੋ ਤਿਆਗ ਕਰਕੇ ਔਰ ਮੈਂ ਲਾਗ ਰਹੇ ਹੈਂ ਵਹੁ ਪੁਰਸ਼ ਨਰਕੋਂ ਮੈਂ (ਸਮੰਜੀਐ) ਪ੍ਰਾਪਤ ਕਰੀਐਂਗੇ ਤਾਂਤੇ ਐਸੇ ਬੇਨਤੀਕਰੋ।
ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ ॥ ੧੦ ॥
ਸ੍ਰੀ ਗੁਰੂ ਜੀ ਕਹਿਤੇ ਹੈਂ ਹੇ ਕ੍ਰਿਪਾਲ ਵਾਹਿਗੁਰੂ ਆਪ ਮੇਰੇ ਪਰ ਦਿਆਲ ਹੋਵੋ ਪੁਨਾ ਮੇਰਾ ਭੈ ਨਾਸ ਕਰ ਦੇਵੋ ॥ ੧੦ ॥

ਸਲੋਕ ॥ ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ ॥
ਹੇ ਭਾਈ (ਚ) ਪੁਨਾ ਰਾਜ ਕਾ ਸੁਖ ਭੀ ਮਿਠਾ (ਨ)ਨਹੀਂ ਹੈ ਔਰ ਰਸੋਂ ਕਾ ਭੋਗ ਭੀ ਮਿਠਾ ਨਹੀਂ ਹੈ ਮਾਯਾ ਕਾ ਸੁਖ ਭੀ ਮਿਠਾ ਨਹੀਂ ਹੈ ॥

ਮਿਸਟੰ ਸਾਹ ਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ ਦਰਸਨੰ ॥ ੧ ॥
ਸ੍ਰੀ ਗੁਰੂ ਜੀ ਕਹਤੇ ਹੈਂ ਏਕ ਸੰਤੋਂ ਕਾ ਸੰਗ ਮੀਠਾ ਹੈ ॥ ਪੁਨਾ ਹਰੀ ਪ੍ਰਭੂ ਕਾ ਦਰਸਨ ਮੀਠਾ ਹੈ ॥ ੧ ॥
ਲਗੜਾ ਸੋ ਨੇਹੁ ਮੰਨ ਮੰਝਾਹੂ ਰਤਿਆ ॥ ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ ॥੨ ॥
ਤਿਨ ਸੰਤੋਂ ਕਾ ਬਾਣੀ ਕਰਕੇ ਵਾਹਿਗੁਰੂ ਕੇ ਸਾਥ ਪ੍ਰੇਮ ਲਗਾ ਹੈ ਔਰ ਮਨ ਕੇ(ਮੰਝਾਹੂ)ਬੀਚ ਭੀ ਤਿਸੀ ਸਾਥ ਰਤੇ ਹੁਏ ਰਹਤੇ ਹੈਂ । ਜੋ ਭਗਤ ਸਚ ਵਸਤ ਪਰਮੇਸ੍ਵਰ ਕੇ ਸਾਥ (ਵਿਧੜੋ) ਅਭੇਦ ਹੁਆ ਹੈ ਤਿਸਕੋ ਸੋਈ ਧਨੀ ਮੀਠਾ ਹੈ ॥ ੨॥

ਪਉੜੀ ॥ ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥
ਹਰੀ ਸੇ ਬਿਨਾ ਤਿਨ ਭਗਤੋਂ ਕੋ ਔਰ ਕਛੁ ਮੀਠਾ ਅਰਥਾਤ ਪਿਆਰਾ ਨਹੀਂ ਲਾਗਤਾ ਹੈ ਔਰ ਸ੍ਵਾਦ ਸੰਪੂਰਨ ਫਿਕੇ ਹੈਂ ਇਸ ਬਾਤ ਕੋ ਨਿਰਨਾ ਅਰਥਾਤ ਵਿਚਾਰਕੇ ਤਿਨੋਂ ਨੇ ਦੇਖ ਲੀਆ ਹੈ ॥
ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥
ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥
ਅਗਿਆਨ ਔ ਭਰਮ ਜੰਨਜ ਦੁਖੋਂ ਕਾ ਸਮਦਾਜ ਤਿਨਕਾ ਕਟਿਆ ਗਿਆ ਹੈ ਕਿਉਂਕਿ ਗੁਰੂ ਤਿਨਕੇ (ਬਸੀਠਾ) ਵਕੀਲ ਭਏ ਹੈਂ । ਹਰੀ ਗੁਰੋਂ ਕੇ ਚਰਨ ਕਵਲੋਂ ਮੈਂ ਤਿਨਕਾ ਮਨ (ਬੇਧਿਆ) ਮਿਲ ਗਿਆ ਅਰਥਾਤ ਅਭੇਦ ਹੁਆ ਹੈ ਜੈਸੇ ਮਜੀਠ ਕਾ ਰੰਗ ਪਕਾ ਹੋਤਾ ਹੈ ॥ ਭਾਵ ਸੇ ਤਿਨਕੋ ਅਖਜ ਆਤਮ ਆਨੰਦ ਪ੍ਰਾਪਤਿ ਹੁਆ ਹੈ ॥
ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥ ੧੧ ॥
ਤਿਨੋਂ ਨੇ ਪ੍ਰਭੂ ਸੇ ਬਿਨਾ ਜੀਵ ਪ੍ਰਾਣ ਮਨ ਤਨ ਆਦੀ ਜੋ ਪਦਾਰਥ ਹੈਂ (ਸੇ)ਉਨੋਂ ਕਾ ਸਮਦਾਇ ਸਭ ਝੂਠਾ ਜਾਣਿਆਹੈ॥

ਵਾਹਿਗੁਰੂ ਮੈਂ ਸੰਤੋਂ ਕੀ ਪ੍ਰੀਤੀ ਬੀਚ ਦ੍ਰਿਸਟਾਂਤ ਦੇਤੇ ਹੈਂ ॥

ਸਲੋਕ ॥ ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥
ਜੈਸੇ (ਮੀਨ) ਮਛੀ ਜਲ ਕੋ (ਤਿਅਕਤ) ਤਿਆਗ ਕਰਕੇ ਜੀਵਤੀ ਨਹੀਂ ਹੈ ਅਰ ਜੈਸੇ ਮੇਘੋਂ ਕੇ ਮੰਡਲ ਕੋ ਚਾਤ੍ਰਿਕ ਨਹੀਂ ਤਿਆਗਤੇ ਹੈਂ ॥

ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥
ਜੈਸੇ (ਕੁਰੰਗ) ਹਰਨ ਨਾਦ ਕੋ ਸੁਨਤਾ ਹੁਆ ਬਾਣੋਂ ਸੇ ਬੇਧਿਆ ਜਾਤਾ ਹੈ ਪਰੰਤੂ ਤਿਸਕੋ ਤਿਆਗਤਾ ਨਹੀਂ ਹੈ(ਅਲਿ) ਭੌਰੇ ਫੂਲੋਂ ਕੀ ਵਾਸਨਾ ਲੇਤੇ ਬੰਧੇ ਜਾਤੇ ਹੈਂ ਪਰੰਤੂ ਤਿਸਕੋ ਤਿਆਗਤੇ ਨਹੀਂ ਹੈਂ ॥
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥ ੧ ॥
ਤੈਸੇ ਹਰੀ ਕੇ ਚਰਨ ਕਵਲੋਂ ਮੈਂ ਸੰਤ ਰਚੇ ਹੁਏ ਹੈਂ ਸ੍ਰੀ ਗੁਰੂ ਜੀ ਕਹਤੇ ਹੈਂ ਤਿਨੋਂ ਕੋ ਔਰ ਪਦਾਰਥੋਂ ਮੈਂ ਰੁਚੀ ਨਹੀਂਹੈ॥੧॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥
ਜਬ ਪਰਮੇਸ੍ਵਰ ਤਿਨ ਸੰਤ ਜਨੋਂ ਕੋ ਅਪਨਾ ਮੁਖ (ਡੇਖਾਊ) ਦਿਖਾਵਤਾ ਹੈ ਤਬ ਵਹੁ ਤਿਸਕੋ ਛੋਡ ਕਰ ਪਲਕ ਮਾਤ੍ ਔਰ ਕਿਸੀ ਮੈਂ ਚਿਤ ਨਹੀਂ ਦੇਤੇ ਹੈਂ ॥
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥ ੨ ॥
ਕਿਉਂਕਿ ਤਿਸ ਧਨੀ ਹਰੀ ਕੇ (ਸੰਗਮੁ) ਮਿਲਾਪ ਸਾਥ ਹੀ ਤਿਨ ਸੰਤੋਂ ਨੇ ਆਪਣਾ ਜੀਵਣਾ ਜਾਣਿਆਂ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਸੋ ਹਰੀ ਤਿਨ ਸੰਤੋਂ ਕਾ ਮਿਤ੍ ਰੂਪ ਹੈ ॥ ੨ ॥

ਪਉੜੀ ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥

Digitized by Panjab Digital Library | www.panjabdigilib.org

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥

ਜੈਸੇ ਮਛਲੀ ਪਾਨੀ ਸੋ ਬਿਨਾ ਕੈਸੇ ਜੀਵਣਾ ਪਾਵੈ ਅਰਥਾਤ ਨਹੀਂ ਜੀਵਤੀ ਔ ਸ੍ਵਾਂਤ ਬੰਦਸੇ ਬਿਨਾ ਪਪੀਹਾ ਕੈਸੇ ਤ੍ਰਿਪਤੀ ਪਾਵੈ ਅਰਥਾਤ ਨਹੀਂ ਤ੍ਰਿਪਤ ਹੋਤਾ ਹੈ ॥

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥ਭਵਰੁਲੋਭੀਕੁਸਮ ਬਾਸੁਕਾਮਿਲਿ ਆਪੁਬੰਧਾਵੈ॥

ਜੈਸੇ ਹਰਨ ਘੰਡੇ ਹੇੜੇ ਕੇ ਸਬਦ ਮੈਂ ਬੇਧਿਆ ਹੂਆ ਸਨਮੁਖ ਉਠ ਧਾਵਤਾ ਹੈ ॥ ਜੈਸੇ ਫੂਲੋਂ ਕੀ ਵਾਸਨਾ ਕਾ ਲੋਭੀ ਹੂਆ ਭਵਰਾ ਫੂਲੋਂ ਮੈਂ ਮਿਲ ਕਰ ਅਪਨੇ ਆਪਕੋ ਬੰਧਾਇ ਲੇਤਾ ਹੈ ॥

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥ ੧੨ ॥

ਤੈਸੇ ਸੰਤ ਜਨੋਂ ਕੀ ਹਰੀ ਕੇ ਸਾਥ ਪ੍ਰੀਤੀ ਹੈ ਹਰੀ ਕੇ ਦਰਸ ਕੋ ਦੇਖ ਕਰ ਤ੍ਰਿਪਤ ਹੋਤੇ ਹੈਂ ਅਰਥਾਤ ਪ੍ਰਸੰਨ ਹੋਤੇ ਹੈਂ॥੧੨॥

ਸਲੋਕ ॥ ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ ॥

ਹੇ ਅਕਾਲ ਪੁਰਖ ਮੈਂ ਤੇਰੇ ਚਰਨ ਕਵਲੋਂ ਸਦਾ ਮਨ ਕਰ ਚਿਤਵਤਾ ਹੂੰ ਔਰ ਬਾਣੀ ਸੇ ਸ੍ਵਾਸ ਸ੍ਵਾਸ ਕਰਕੇ ਹੀ ਤੇਰੇ ਕੋ ਅਰਾਧਤਾ ਹੂੰ ॥

ਨਹ ਬਿਸਰੰਤਿ ਨਾਮ ਅਚੁਤ ਨਾਨਕ ਆਸ ਪੂਰਨ ਪਰਮੇਸੁਰਹ ॥ ੧ ॥

ਹੇ ਅਚੁਤ ਤੇਰਾ ਨਾਮ ਮੇਰੇ ਕੋ ਕਬੀ ਨਹੀਂ ਵਿਸਰਤਾ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਤੂੰ ਸਰਬ ਆਸਾ ਪੂਰਨ ਕਰਨੇ ਹਾਰਾ ਪਰਮੇਸ੍ਵਰ ਹੈਂ ॥ ੧ ॥

ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ ॥

ਮੈਂ ਤੇਰੇ (ਮੰਝਾਹਿ) ਬੀਚ ਆਪਣੇ ਮਨ ਕੋ (ਸੀਤੜਾ) ਜੋੜਿਆਹੈ ਤੇਰੇ ਸੇ (ਬਾਹਰਾ) ਰਹਤ ਪਲਕ ਮਾਤ੍ਰ ਨਹੀਂ ਹੋਤਾ ਹੈ ॥

ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ ॥ ੨ ॥

ਸ੍ਰੀਗੁਰੂ ਜੀ ਕਹਤੇ ਹੈਂਹਮਾਰੀ ਆਸਾ ਕੋ ਨਿਬਾਹਅਰਥਾਤ ਪੂਰਨ ਕਰੋ ਹੇਸਚ ਸਰੂਪ ਧਨੀਤੇਰੇਕੋਮੈਂਸਦਾਹੀਦੇਖਤਾਰਹੂੰ॥੨॥

ਪਉੜੀ ॥ ਆਸਾਵੰਤੀ ਆਸ ਗੁਸਾਈ ਪੂਰੀਐ ॥ ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ॥

ਹੇ ਗੁਸਾਈਂ ਮੈਂ ਆਸਾ ਵਾਲੀ ਜੀਵ ਰੂਪੀ ਇਸਤ੍ਰੀ ਕੀ ਆਸ ਕੋ ਪੂਰਨ ਕਰੀਏ ਹੇ ਗੋਬਿੰਦ ਹੇ ਗੁਪਾਲ ਤੇਰੇ ਕੋ ਮਿਲ ਕਰਕੇ ਪੁਨਾ ਕਬੀ ਝੂਰੀਏਗਾ ਨਹੀਂ ॥

ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ ॥

ਅਪਨਾ ਦਰਸਨਹੀ ਮੇਰੇਕੋ ਦੇਵੋ ਇਹੀਮੇਰੇ ਮਨਮੈਂ ਉਤਸਾਹਹੈਜਿਸ ਤੇਰੇਦਰਸਨ ਸੇ ਸੰਪੂਰਨ(ਵਿਸੂਰੀਐ)ਝੋਰੇਮਿਟਜਾਵੈਂ ॥

ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥ ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥ ੧੩ ॥

ਤੇਰੇ ਚਰਨ ਕਵਲੋਂ ਕੀ ਧੂੜੀ ਸੇ ਮੇਰਾ ਸਰੀਰ ਪਵਿਤ੍ਰ ਹੋਇ ਜਾਵੇਗਾ ਹੇ ਪਾਰਬ੍ਰਹਮ ਸਰੂਪ ਗੁਰਦੇਵ ਮੈਂ ਤੇਰੇ ਸਦਾ ਹਜੂਰ ਹੀ ਰਹੂੰ ਵਾ ਸਦਾ ਹਾਜਰ ਹਜੂਰ ਹੈਂ ॥ ੧੩ ॥

ਸਲੋਕ ॥ ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥

ਜੋ ਪੁਰਸ਼ ਰਸਨਾ ਕਰਕੇ ਨਾਮ ਉਚਾਰਤੇ ਹੈਂ ਔ ਸਰਵਣੋਂ ਕਰਕੇ ਸਤਿਗੁਰੋਂ ਕੇ ਅੰਮ੍ਰਿਤ ਰੂਪ ਸਬਦ ਕੋ ਸ੍ਰਵਣ ਕਰਤੇ ਹੈਂ॥

ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਤਿਨੋਂਪਰ ਸਦਾ ਬਲਿਹਾਰਨੇ ਜਾਤਾ ਹੂੰ ਜਿਨੋਂਕਾ ਮਨ ਕਰਕੇ ਪਾਰਬ੍ਰਹਮ ਮੈਂ ਧਿਆਨ ਹੈ ॥੧॥

ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥ ਨਾਨਕ

ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ ॥ ੨ ॥

ਇਕ ਸਾਂਈ ਵਾਹਿਗੁਰੂ ਕੇ ਭਜਨ ਸੇ ਬਾਹਰਾ ਔਰ (ਹਭਿ) ਸੰਪੂਰਣ ਕੰਮ ਜਿਨੋਂ ਨੇ ਝੂਠੇ ਜਾਨੇ ਹੈਂ। ਸ੍ਰੀ ਗੁਰੂ ਜੀ ਕਹਿਤੇ ਹੈਂ ਸੋਈ ਪੁਰਸ਼ ਧੰਨਜਤਾ ਜੋਗ ਹੈਂ ਜਿਨੋਂ ਕੀ ਏਕ ਸਚੇ ਕੇ ਸਾਥ (ਪਿਰਹੜੀ) ਪ੍ਰੀਤੀ ਹੈ ॥ ੨ ॥

ਪਉੜੀ ॥ ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥

ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥

ਮੈਂ ਤਿਨੋਂ ਪਰ ਸਦਾ ਬਲਿਹਾਰਨੇ ਜਾਤਾ ਹੂੰ ਜੋ ਸਦਾ ਹਰੀ ਕੀਆਂ ਕਥਾ ਕੋ ਸੁਨਤੇ ਹੈਂ (ਤੇ) ਸੋਈ ਪੂਰੇ ਹੈਂ ਔ (ਪਰਧਾਨ) ਮੁਖਜ ਹੈਂ ਜੋ ਪ੍ਰਭ ਕੋ ਸੀਸ ਨਿਵਾਵਤੇ ਹੈਂ ॥

ਹਰਿਜਸੁ ਲਿਖਹ ਬੇਅੰਤ ਸੋਹਹਿ ਸੇ ਹਥਾ ॥ ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥

ਜੋ ਹਰੀ ਕੇ ਬਿਅੰਤ ਜਸ ਕੋ ਲਿਖਤੇ ਹੈਂ ਸੋਈ ਹਥ ਸੋਭਾ ਪਾਵਤ ਹੈਂ ਸੋਈ ਚਰਣ ਪਵਿਤ੍ਰ ਹੈਂ ਜੋ ਪ੍ਰਭੂ ਕੇ ਪਵਿਤ੍ਰ ਮਾਰਗ ਮੈਂ ਚਲਤੇ ਹੈਂ ॥

Digitized by Panjab Digital Library | www.panjabdigilib.org

ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥ ੧੪॥

ਜਿਨੋਂ ਨੇ ਸੰਤੋਂ ਕਾ ਸੰਗ ਕੀਆ ਹੈ ਸੋਈ ਉਧਾਰ ਕੋ ਪ੍ਰਾਪਤਿ ਹੁਏ ਹੈਂ ਔ ਸੰਪੂਰਨ ਜਨਮ ਮਰਣ ਆਦੀ ਦੁਖ ਤਿਨੋਂ ਕਾ ਉਤਰ ਗਿਆ ਅਰਥਾਤ ਦੂਰ ਭਇਆ ਹੈ ॥੧੪ ॥

ਸਲੋਕ ॥ ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ ॥

ਜਥ ਭਾਵੀ ਅਪਨਾ ਆਪ ਪ੍ਰਗਟ ਕਰਤੀ ਹੈ ਵਾ ਜਥ ਭਾਵੀ ਜੀਵੋਂ ਕੇ ਭਾਗੋਂ ਕੋ ਉਦੈ ਕਰਤੀ ਹੈ ਤਥ ਇਸ ਜੀਵ ਸੇ ਸੰਤੋਂ ਕੇ ਸੰਜੋਗ ਕਰ ਹਰੀ ਪੂਰਨ ਕਾ ਰਮਣ ਅਰਥਾਤ ਜਪਣਾ ਹੋਤਾ ਹੈ ॥

ਗੋਪਾਲ ਦਰਸ ਕ੍ਰੇਟੰ ਸਫਲ ਨਾਨਕ ਸੋ ਮਹੂਰਤਹ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਜਿਸ ਸਮੇਂ ਮੈਂ ਗੋਪਾਲ ਕਾ (ਦਰਸ) ਸਰੂਪ ਇਸਕੋ ਮਿਲਾ ਅਰਥਾਤ ਪ੍ਰਾਪਤਿ ਹੁਆ ਹੈ ਸੋ (ਮਹੂਰਤਹ) ਦੋ ਘੜੀਆਂ ਵਾ ਸਮਾਂ ਸਫਲ ਹੈ ॥ ੧ ॥

ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ ॥

ਤਿਸ ਮਿਲਾਪ ਕੇ ਸੁਖ ਕੀ ਮੈਂ ਕੀਮਤ ਨਹੀਂ ਪਾਇ ਸਕਤਾ ਹੂੰ ਕਿਉਂਕਿ ਵਹੁ ਸੁਖ ਮਿਰਯਾਦਾ ਅਰਥਾਤ ਅੰਦਾਜੇ ਸੇ ਬਾਹਰ ਹੈ ਭਾਵ ਸੇ ਬਿਅੰਤ ਹੈ ॥

ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ ॥ ੨ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਸੋਈ (ਵੇਲੜੀ) ਘੜੀ ਪਰਵਾਣ ਅਰਥਾਤ ਸਫਲੀ ਹੋਤੀ ਹੈ ਜਿਸ ਮੈਂ ਮੇਰਾ ਪਤੀ ਹਰੀ ਮਿਲਤਾ ਹੈ ॥ ੨ ॥

ਪਉੜੀ ॥ ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭੁ ਕਉ ਪਾਈ ॥
ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥

ਸੋ ਸਮਾਂ ਕੌਣ ਹੈ ਹੇ ਭਾਈ ਕਹੁ ਤੋ ਜਿਸ ਸਮੇਂ ਅਪਨੇ(ਪ੍ਰਭੁ)ਸ੍ਵਾਮੀ ਕੋ ਪਾਵੋਂ ਸੋਈ ਮਹੂਰਤ ਬੀ ਭਲਾ ਹੈ ਅਰਥਾਤ ਉੱਤਮ ਹੈ ਜਿਸ ਸਮੇਂ ਗੁਸਾਈਂ ਕਾ ਮਿਲਾਪ ਹੋਵੈ ॥

ਆਠ ਪਹਰ ਹਰਿ ਧਿਆਇਕੈ ਮਨ ਇਛ ਪੁਜਾਈ ॥
ਵਡੈ ਭਾਗਿ ਸਤਿਸੰਗੁ ਹੋਇ ਨਿਵਿ ਲਾਗਾ ਪਾਈ ॥

ਆਠ ਪਹਰ ਮੈਂ ਹਰੀ ਕੋ ਧਿਆਇਕੇ ਮਨ ਕੀ ਇਛਾ ਪੂਰਨ ਕਰ ਲੇਵੋਂ ਪਰੰਤੂ ਵਡੇ ਭਾਗੋਂ ਕਰਕੇ ਸਤਸੰਗ ਹੋਵੇ ਤੋ ਤਿਨ ਸੰਤੋਂ ਕੇ ਚਰਨੀ ਨਿਵ ਕਰ ਲਗਾਂ ॥

ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥ ੧੫ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਨੋਂ ਕੇ ਮਨ ਮੈਂ ਤਿਸ ਪਤੀਕੇ ਦਰਸਨ ਕੀ ਪਿਆਸ ਹੈ ਹਮ ਤਿਨ ਪਰ ਬਲਿਹਾਰੇ ਜਾਤੇਹੈਂ॥੧੫॥

ਸਲੋਕ ॥ ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ ॥

ਪਾਪੀਓਂ ਕੇ ਪਵਿਤ੍ਰ ਕਰਨੇਹਾਰਾ ਜੋ ਗੋਬਿੰਦ ਹੈ ਸੋ ਸਰਬ ਦੋਖੋਂ ਕੇ ਨਿਵਾਰਨੇਹਾਰਾ ਹੈ ॥

ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ ॥ ੧ ॥

ਸਰਣ ਆਏ ਕੀ ਰਖਜਾ ਕਰਨੇ ਕੋ ਸੂਰਮਾ ਜੋ ਭਗਵਾਨ ਹੈ ਸ੍ਰੀ ਗੁਰੂ ਜੀ ਕਹਿਤੇ ਹੈਂ ਤਿਸ ਭਗਵਾਨ ਕੇ ਹਰਿ ਨਾਮ ਕੋ ਜਪਤੇ ਹੂਏ ਹਮ (ਹਰੇ) ਅਨੰਦ ਹੂਏ ਹੈਂ ॥ ੧ ॥

ਛਡਿਓ ਹਤੁ ਆਪੁ ਲਗੜੋ ਚਰਣਾ ਪਾਸਿ ॥ ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ॥੨॥

ਜਿਸਨੇ ਸੰਪੂਰਨ ਅਪਨੇ ਆਪ ਕਾ ਹੰਕਾਰ ਤਿਆਗਿਆ ਹੈ ਸੋ ਸਤਿਗੁਰੋਂ ਕੇ ਚਰਨੋਂ ਕੇ ਪਾਸ ਆਇ ਲਗਾ ਹੈ ਸ੍ਰੀ ਗੁਰੂਜੀ ਕਹਤੇ ਹੈਂ ਪ੍ਰਭੂ ਕੋ ਦੇਖਤਿਆਂ ਹੀ ਜਨਮ ਮਰਨਾਦੀ ਦੁਖ ਔ ਤੀਨੋਂ ਤਾਪ ਨਾਸ ਹੋਇ ਗਏ ਹੈਂ ॥

ਪਉੜੀ ॥ ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥

ਹੇ ਦਇਆਲ ਵਾਹਿਗੁਰੂ ਹਮਕੋ ਅਪਨੇਸਾਥਮੇਲ ਲੇਵੋ ਕਿਉਂਕਿ ਤੇਰੇਦੁਆਰੇਪਰ ਆਕੇ ਗਿਰ ਪਏਹੈਂਭਾਵਸੇਸਰਨਹੂਏਹੈਂ॥

ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥

ਹੇ ਦੀਨੋਂ ਪਰ ਦਿਆਲ ਮੇਰੇ ਕੋ ਰਾਖਿ ਲੇਵੋ ਮੈਂ ਬਹੁਤ ਜੋਨੀਆਂ ਮੈਂ ਭ੍ਰਮਤਾ ਹੂਆ ਅਬ ਹਾਰ ਗਿਆ ਹੂੰ ॥

ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥

ਹੇ ਹਰੀ ਭਗਤੋਂ ਕੇ ਪਿਆਰੇ ਹੋਣਾ ਤੇਰਾ ਬਿਰਦ ਹੈ ਔਰ ਤੈਨੇ ਪਾਪੀਓਂ ਕੋ ਉਧਾਰਾ ਹੈ ॥

ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥

Digitized by Panjab Digital Library | www.panjabdigilib.org

ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥ ੧੬ ॥

ਤੇਰੇ ਬਿਨਾਂ ਔਰ ਆਸਰਾ ਮੈਨੂੰ ਕੋਈ ਨਹੀਂ ਹੈ ਤਾਂਤੇ ਏਹ ਬੇਨਤੀ ਕਾ ਵਾਕ ਆਪ ਪਾਸ ਮੈਂਨੇ (ਸਾਰਿਆ) ਬਿਨੈ ਕੀਆ ਹੈ ਭਾਵ ਸੋ ਸੁਣਾਯਾ ਹੈ ਇਸ ਸੰਸਾਰ ਸਮੁੰਦ੍ ਮੇਂ ਸੇ ਹੇ ਦਿਆਲ ਮੇਰਾ ਹਾਥ ਪਕੜ ਲੇਵੋ ਭਾਵ ਸੇ ਰਖਿਆ ਕਰੋ ॥ ੧੬ ॥

ਸਲੋਕ ॥ ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥

ਜੋ ਸੰਤ ਜੀਵੇਂ ਕੇ ਉਧਾਰ ਕਰਨੇ ਕੋ ਪਰਮ ਦਿਆਲੂ ਹੈਂ ਔਰ ਗੋਪਾਲ ਕੇ ਕੀਰਤਨ ਕਾ ਜਿਨਕੋ ਆਸਰਾ ਹੈ ॥

ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਪੁਨਾ ਜਿਨੋਂ ਨੇ ਪਰਮੇਸ੍ਵਰ ਕੀ ਓਟ ਲੀਨੀ ਹੈ ਐਸੇ ਸੰਤੋਂ ਕਾ ਸੰਗ ਕਰਕੇ ਪੁਰਸ ਪਰਮ ਨਿਰਮਲ ਹੋਤਾ ਹੈ ॥ ੧ ॥

ਚੰਦਨ ਚੰਦੁਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥ ੨ ॥

ਚੰਦਨ ਔ ਚੰਦ੍ਰਮਾਂ ਪੁਨਾ ਅਸੂ ਕਾਤਕ ਕਾ ਮਹੀਨਾ ਜੋ ਸਰਦ ਰਿਤੁ ਹੈ ਸੋ ਭੀ ਐਸੇ ਯਥਾਰਥ ਸੀਤਲ ਨਹੀਂ ਹੈ ਜੈਸਾਕੁ ਹਰੀ ਕਾ ਨਾਮੁ ਹੈ ਕਿਉਂਕੇ ਤਿਨ ਸੇ ਰਿਦੇ ਕੀ ਮੂਲ ਅਗ੍ਯਾਨ ਰੂਪੀ ਤਪਤ ਨਹੀਂ ਮਿਟਤੀ ਹੈ ਵਾ (ਮੂਲ) ਭਾਵ ਸੰਪੂਰਨ ਤਪਤ ਨਹੀਂ ਮਿਟਤੀ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਹਰਿ ਨਾਮ ਜਪਣੇ ਵਾਲੇ ਪੁਰਸ਼ ਕਾ ਰਿਦਾ ਸੀਤਲ ਹੋ ਜਾਤਾ ਹੈ ॥ ੨ ॥

ਪਉੜੀ ॥ ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥
ਸੁਣਿ ਪ੍ਰਤਾਪੁ ਗੋਵਿੰਦ ਨਿਰਭਉ ਭਏ ਮਨ ॥

ਸੰਪੂਰਨ ਸੰਤ ਜਨ ਹਰੀ ਕੇ ਚਰਨ ਕਮਲ ਕੀ ਓਟ ਲੇਕਰ ਇਸ ਸੰਸਾਰ ਸੇ ਉਧਰੇ ਹੈਂ ਗੋਬਿੰਦ ਕੇ ਪ੍ਰਤਾਪ ਕੋ ਸੁਣ ਕਰਕੇ ਮਨ ਮੈਂ ਨਿਰਭੈ ਭਏ ਹੈਂ ॥

ਤੋਟਿ ਨ ਆਵੈ ਮੂਲਿ ਸੰਚਿਆ ਨਾਮੁ ਧਨ ॥ ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ ॥

ਪੁਨਾ ਜਿਨੋਂ ਨੇ ਨਾਮ ਧਨੁ ਕੋ(ਸੰਚਿਆ)ਇਕਤ੍ ਕੀਆ ਹੈ ਤਿਨੋਂ ਕੇ ਮੂਲ਼ ਤੇ ਹੀ ਤੋਟ ਨਹੀਂ ਆਵਤੀ ਹੇ ਤਿਨ ਸੰਤਜਨੋਂ ਕਾ ਮਿਲਾਪੁ ਵਡੇ ਪੁੰਨੋਂ ਕਰਕੇ ਹੀ ਪਾਈਤਾ ਹੇ ॥

ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ ॥ ੧੭ ॥

ਤਿਸਕੋ ਪਾਇ ਕਰਕੇ ਹੇ ਭਾਈ ਆਠ ਪਹਿਰ ਹਰੀ ਕੋ ਧਿਆਇ ਨਿਤ ਹਰਿ ਜਸ ਕੋ ਸ੍ਰਵਣ ਕਰ ॥ ੧੭ ॥

ਸਲੋਕ ॥ ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥

ਜਬ ਦਿਆਲ ਪੁਰਖ ਭਗਵਾਨ ਇਸ ਜੀਵ ਪਰ ਦਯਾ ਕਰਤਾ ਹੈ ਤਬ ਇਹ ਦਿਆਲ ਪੁਰਖ ਕਾ ਨਾਮ(ਕੀਰਤਨਹ)ਉਚਾਰਨ ਕਰਕੇ ਦੁਖੋਂ ਕੋ ਹਰਤਾ ਹੈ ॥

ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥ ੧ ॥

ਸ੍ਰੀਗੁਰੂਜੀ ਕਹਤੇ ਹੈਂ ਜਿਸ ਪਰ ਦਜਾਲੂ ਪਰਮੇਸ੍ਵਰ ਕਿਰਪਾ ਕਰਤਾਹੈ ਸੋ ਪੁਰਸ਼ ਮਾਯਾ ਮੈਂ ਲਿਪਾਇਵਾਨ ਨਹੀਂਹੋਤਾਹੈ॥੧॥

ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥
ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥ ੨ ॥

ਹੇ ਭਾਈ ਜਿਸਕੀ ਪ੍ਰਭੂ ਆਪ ਰਖਜਾ ਕਰਨੇ ਵਾਲਾ ਹੂਆ ਹੈ ਤਿਸਕੀ ਤ੍ਰਿਸ਼ਨਾ ਰੂਪੀ(ਭਾਹਿ)ਅਗਨੀ ਜੋ ਪ੍ਰਜੁਲਤ ਹੋਈ ਹੋਈ ਥੀ ਸੋ ਬੁਝ ਗਈ ਹੈ ਸ੍ਰੀ ਗੁਰੂ ਜੀ ਕਹਤੇ ਹੈਂ ਤਾਂਤੇ ਜਿਸ ਵਾਹਿਗੁਰੂ ਨੇ ਏਹੁ (ਮੇਦਨੀ) ਧਰਤੀ ਅਰਥਾਤ ਸਰਬ ਸ੍ਰਿਸ਼ਟੀ ਉਤਪਤਿ ਕਰੀ ਹੈ ਤਿਸ ਪ੍ਰਭੂ ਕਾ ਜਾਪ ਕਰ ॥ ੨ ॥

ਪਉੜੀ ॥ ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥
ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥

ਜਬ ਸੇ ਪ੍ਰਭੂ ਦਇਆਲ ਭਏ ਤਬ ਸੋ ਮਾਯਾ ਨਹੀਂ ਵਿਆਪਤੀ ਹੈ ਅਰ ਤਬ ਕ੍ਰੋੜੋਂ ਪਾਪ ਨਾਸ ਹੋ ਗਏ ਹੈਂ ਜਬ ਏਕ ਹਰੀਕੋ ਧਿਆਇਆ ਹੈ ॥

ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥

ਤਿਨੋਂ ਕੇ ਸਰੀਰ ਨਿਰਮਲ ਭਏ ਹੈਂ ਜਿਨੋਂ ਕਾ ਸਮਦਾਧ ਸੰਤ ਜਨੋਂ ਕੀ ਚਰਨ ਧੂੜੀ ਮੈਂ ਨਾਯਾ ਹੈ ਸੋਈ ਮਨ ਤਨ ਕਰਕੇ ਸੰਤੋਖਵਾਨ ਭਏ ਹੈਂ ਜਿਨੋਂ ਨੇ ਪੂਰਨ ਪ੍ਰਭੂ ਪਾਯਾ ਹੈ ॥

ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥ ੧੮ ॥

Digitized by Panjab Digital Library | www.panjabdigilib.org

ਤਿਨਕੇ ਸਾਥ ਸੰਪੂਰਨ ਕੁਟੰਬ ਕੇ ਲੋਕ ਔ ਕੁਲੋਂ ਕਾ ਸਮੁਦਾਇ ਤਰ ਗਿਆ ਹੈ ॥ ੧੮॥ ਗੁਰੋਂ ਕੀ ਉਸਤਤੀ ਕਰਤੇ ਹੈਂ॥

ਸਲੋਕ ॥ ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥

ਗੁਰੂ ਹੀ ਗੋਬਿੰਦ ਰੂਪ ਹੈ ਗੁਰੂ ਹੀ ਗੁਪਾਲ ਰੂਪ ਹੈ ਗੁਰੂ ਪੂਰਨ ਨਾਰਾਇਣ ਸਰੂਪ ਹੈਂ ॥

ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥

ਗੁਰੂ ਹੀ ਦਇਆਲ ਰੂਪ ਹੈ ਗੁਰੂ ਹੀ ਸਮਰਥ ਹੈ ਸ੍ਰੀ ਗੁਰੂਜੀ ਕਹਤੇ ਹੈਂ ਗੁਰੂ ਹੀ ਪਾਪੀਓਂ ਕੇ ਉਧਾਰ ਕਰਨੇ ਵਾਲੇ ਹੈਂ॥

ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਥੈ ਤਾਰਿਅਮੁ ॥

ਇਹ ਸੰਸਾਰ ਰੂਪੀ ਸਮੁੰਦ੍ਰ ਜੋ(ਅਸਗਾਹੁ)ਅਥਾਹਹੈਤਿਸਕੇ(ਬੋਹਥੈ)ਜਹਾਜਰੂਪਹੋਕਰ ਸਤਗੁਰੋਂਨੇ ਜਗਜਾਸੂਓਂਕੋਤਾਰਯਾਹੈ॥

ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਜਿਸਕੇ ਪੂਰਨ ਕਰਮ ਹੈਂ ਸੋ ਗੁਰੋਂ ਕੀ ਚਰਨੀ ਲਗਾ ਹੈ ॥ ੨ ॥

ਪਉੜੀ ॥ ਧੰਨੁ ਧੰਨੁ ਗੁਰ ਦੇਵ ਜਿਸੁ ਸੰਗਿ ਹਰਿ ਜਪੇ ॥
ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥

ਸੋ (ਦੇਵ) ਪ੍ਰਕਾਸ ਰੂਪ ਸਤਿਗੁਰੂ ਮਨ ਬਾਣੀ ਕਰਕੇ ਧੰਨ ਹੈਂ ਜਿਨਕੇ ਸਾਥ ਮਿਲ ਕਰਕੇ ਹਮ ਨੇ ਹਰੀ ਕੇ ਨਾਮ ਜਪੇ ਹੈਂ ਜਬ ਸਤਿਗੁਰੂ ਕ੍ਰਿਪਾਲ ਭਏ ਹੈਂ ਤਬ ਸੰਪੂਰਨ ਅਵਗੁਣ ਛਪੇ ਹੈਂ ਭਾਵ ਸੇ ਦੂਰ ਭਏ ਹੈਂ ॥

ਪਾਰਬ੍ਰਹਮ ਗੁਰ ਦੇਵ ਨੀਚਹੁ ਉਚ ਥਪੇ॥ਕਾਟਿ ਸਿਲਕਦੁਖ ਮਾਇਆਕਹਿ ਲੀਨੇ ਅਪਦਸੇ॥

ਪਾਰਬ੍ਰਹਮ ਰੂਪ ਸਤਿਗੁਰੂ ਦੇਵ ਨੇ ਨੀਚ ਜੀਵ ਊਚ ਅਸਥਾਨ ਮੈਂਇਸਥਾਪਨ ਕੀਏ ਹੈਂ ਅਰ ਗੁਰੋਂ ਨੇ ਦੁਖਰੂਪ ਮਾਯਾਕੀ (ਸਿਲਕ) ਫਾਸੀ ਕਾਟ ਕਰਕੇ (ਅਪਦਸੇ) ਆਪਨੇ ਦਾਸ ਕਰ ਲੀਏ ਹੈਂ ॥

ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥ ੧੯ ॥

ਤਿਨ ਸਤਿਗੁਰੋਂ ਕੀ ਕ੍ਰਿਪਾ ਸੇ ਹੀ ਦਾਸੋਂ ਨੇ ਰਸਨਾ ਤੇ ਬਿਅੰਤ ਹਰੀ ਕੇ ਜਸ ਰੂਪ ਗੁਣ ਗਾਏ ਹੈਂ ॥ ੧੯ ॥

ਸਲੋਕ ॥ ਬੇਨਤੀ ਕਰਤੇ ਹੈਂ ॥

ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥

ਹੇ ਅਕਾਲ ਪੁਰਖ ਤੂੰ ਏਕ ਹੀ ਹਮ ਕੋ ਦ੍ਰਿਸਟ ਆਵਤਾ ਹੈਂ ਔਰ ਤੇਰਾ ਏਕ ਕਾ ਹੀ ਜਸ ਸੁਨਤੇ ਹੈਂ ਹੇ ਨਰੋਂ ਕੇ ਹਰੇਕਰਨੇ ਹਾਰੇ ਵਾ ਹੇ ਨਰਹਰੀ ਤੂੰ ਏਕ ਹੀ ਸਭ ਮੈਂ ਵਰਤ ਰਹਾ ਹੈਂ ॥

ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂਹਮ ਤੇਰੇ ਨਾਮ ਕਾ ਦਾਨ ਹੀ(ਜਾਚੰਤਿ)ਮਾਂਗਤੇ ਹੈਂ ਕਿਉਂਕਿ ਹੇ ਦਿਆਲ ਪੁਰਖ ਜਬ ਤੂੰ ਕ੍ਰਿਪਾਕਰੇਂ ਤਬ ਤੇਰਾ ਨਾਮ ਪ੍ਰਾਪਤਿ ਹੋਤਾ ਹੈ ॥ ੧ ॥

ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥

ਹੇ ਹਰੀ ਏਕ ਤੇਰੇ ਕੋ ਹੀ ਮੈਂ ਸੇਵਤਾ ਹੂੰ ਔਰ ਏਕ ਤੇਰੇ ਕੋ ਹੀ (ਸੰਮਲਾ) ਯਾਦ ਅਰਥਾਤ ਧਿਆਨ ਕਰਤਾ ਹੂੰ ॥ ਪੁਨਾਏਕ ਤੇਰੇ ਪਾਸ ਹੀ ਮੇਰੀ (ਅਰਦਾਸਿ) ਬੇਨਤੀ ਹੈ ॥

ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥ ੨ ॥

ਸ੍ਰੀ ਗੁਰੂ ਜੀ ਕਹਤੇ ਹੈਂ ਹੇ ਵਾਹਿਗੁਰੂ ਹਮਨੇ (ਧਨ) ਉਸਤਤੀ ਜੋਗ ਸਤਿਗੁਰੋਂ ਕੋ ਸਰਧਾ ਰੂਪ ਸਚੀ ਪੂੰਜੀ ਦੇ ਕਰਕੇ ਤੇਰਾ ਨਾਮ ਜਾਪ ਰੂਪ ਹੀ (ਵਖਰੁ) ਸੌਦਾ ਸੰਚਿਨਾ ਕੀਆ ਹੈ ॥ ੨ ॥

ਪਉੜੀ ॥ ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ॥
ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥

ਹੇ ਦਇਆਲ ਰੂਪ ਪ੍ਰਭੂ ਬਿਅੰਤ ਸਰਬ ਮੈਂ ਪੂਰਨ ਇਕ ਤੂੰਹੀ (ਏਹੁ) ਜੀਵ ਰੂਪ ਹੈਂ ਸਭ ਕਿਛੁ ਆਪੇ ਆਪਿ ਹੈਂ ਦੂਸਰਾ ਤੇਰੇ ਬਿਨਾਂ ਕੈਸੇ ਕਹੀਏ ਭਾਵ ਸੇ ਔਰ ਦੂਸਰਾ ਕੋਈ ਨਹੀਂ ਹੈ ਸਭ ਤੁਹੀ ਹੈਂ ॥

ਆਪਿ ਕਰਹੁ ਪ੍ਰਭੁ ਦਾਨੁ ਆਪੇ ਆਪਿ ਲੇਹੁ॥ਆਵਣ ਜਾਣਾ ਹੁਕਮੁ ਸਭੁਨਿਹਚਲੁਤੁਧੁਬੇਹੁ॥

ਹੇ ਪ੍ਰਭੂ ਤੁਮ ਆਪ ਹੀ ਦਾਨ ਕਰਤੇ ਹੋ॥ਪੁਨਾ ਆਪ ਹੀ ਆਪ ਹੋਕਰ ਲੇਤੇ ਹੋ ਭਾਵ ਸੇ ਗੁਰੂ ਔਰ ਜਗਜਾਸੀ ਰੂਪ ਸਭ ਤੂੰ ਹੀ ਹੈਂ ਇਹ ਜੀਵੋਂ ਕਾ ਆਵਣਾ ਜਾਣਾ ਸਭ ਤੇਰੇ ਹੁਕਮ ਮੈਂ ਹੀ ਹੈ ਏਕ ਤੇਰਾ (ਥੇਹੁ)ਸਰੂਪ ਹੀ ਅਚਲ ਹੈ ॥

ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥ ੨੦ ॥ ੧ ॥

ਸ੍ਰੀ ਗੁਰੂ ਜੀ ਕਹਿਤੇ ਹੈਂ ਮੈਂ ਤੇਰੇ ਪਾਸੋਂ ਇਹੀ ਦਾਨ ਮਾਂਗਤਾ ਹੂੰ ਜੋ ਤੁਮ ਕਿਰਪਾ ਕਰਕੇ ਮੇਰੇ ਕੋ ਅਪਨਾ ਨਾਮ ਦੇਵੋ ॥ ੨੦ ॥ ੧ ॥

Digitized by Panjab Digital Library | www.panjabdigilib.org

ਜੈਤਸਰੀ ਬਾਣੀ ਭਗਤਾ ਕੀ ॥

੧ ਓ ਸਤਿਗੁਰਪ੍ਰਸਾਦਿ ॥

ਸ੍ਰੀ ਅਕਾਲ ਪੁਰਖ ਕੇ ਸਨਮੁਖ ਰਵਿਦਾਸ ਭਗਤ ਜੀ ਬੇਨਤੀ ਕਰਤੇ ਹੈਂ ॥

ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥ ੧ ॥ ਰਹਾਉ ॥

ਹੇ ਨਾਥ ਮੈਂ ਤੋ ਕਛ ਨਹੀਂ ਜਾਨਤਾ ਹੂੰ ਕਿਉਂਕਿ ਮੇਰਾ ਮਨ ਤੇਰੀ ਮਾਇਆ ਕੇ ਹਾਥ ਬਿਕਾ ਹੈ ॥

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥੧ ॥

ਹੇ ਸੁਆਮੀ ਤੁਮ ਤੋ ਜਗਤ ਕੇ ਗੁਰ ਕਹੀਤੇ ਹੋ। ਔਰ ਹਮ ਕਲਿਜੁਗ ਕੇ (ਕਾਮੀ) ਜੀਵ ਕਹੀਤੇ ਹੈਂ ॥ ੧ ॥

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰੀ ਜੀ ਤੇ ਅੰਤਰੁ ਪਾਰਿਓ॥ ੨ ॥

ਇਨ ਪੰਚੋਂ ਕਾਮ ਆਦਿਕੋਂ ਨੇ ਮੇਰਾ ਮਨ ਜੋ ਬਿਗਾੜਿਆ ਹੈ ਸੋ ਹੇ ਹਰਿਜੀ ਤੇਰੇ ਸੇ ਇਨੋਂ ਨੇ ਪਲ ਪਲ ਮੈਂ (ਅੰਤਰੁ) ਫਰਕ ਪਾਇਆ ਹੈ ॥ ੨॥

ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥ ੩ ॥

ਜਹਾਂ ਜਹਾਂ ਮੈਂ ਦੇਖਤਾ ਹੂੰ ਤਹਾਂ ਇਹੀ ਵਿਕਾਰ ਦੁਖੋਂ ਕੀ ਰਾਸ ਹੈ। ਇਸ ਬਾਤ ਕੇ ਵੇਦ ਭੀ ਸਾਖੀ ਭਏ ਹੈਂ ਅਰਥਾਤਗਵਾਹੀ ਦੇਤੇ ਭਏ ਹੈਂ ਪਰੰਤੂ ਅਜੇ ਭੀ ਮਨ ਪਤੀਆਵਤਾ ਨਹੀਂ ਹੈ ॥ ੩ ॥

ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਮੀ ॥ ੪ ॥

ਹੇ ਸ੍ਵਾਮੀ ਵਾ ਬਿਸ਼ਨ ਜੀ ਬ੍ਰਿੰਦਾ ਭਾਵ ਜਲੰਧਰ ਕੀ ਇਸਤ੍ਰੀ ਕੇ ਵਾਸਤੇ ਦੁਖੀ ਹੁਏ ਗੋਤਮ ਰਿਖੀ ਕੀ ਇਸਤ੍ਰੀ ਅਹਿਲਿਆ ਸਾਥ ਪ੍ਰੇਮ ਕਰਨੇ ਸੇਇੰਦਰ ਹਜਾਰ ਭਗ ਵਾਲਾ ਭਇਆਹੈ ਔਰ(ਉਮਾਪਤਿ)ਸ਼ਿਵਜੀ ਮੋਹਣੀ ਅਵਤਾਰ ਸਮੇਂ ਵਿਆਕੁਲ ਹੁਏ ਔਰ ਬ੍ਰਹਮਾ ਪੁਤ੍ਰੀ ਹੇਤ ਚਾਰ ਸੀਸ ਧਾਰਨ ਕੀਏ ਵਾ ਸ਼ਿਵਜੀ ਬ੍ਰਹਮਾ ਕੇ ਸੀਸ ਕ੍ਰੋਧ ਸੇ ਕਾਟਣੇ ਤੇ ਕਪਾਲੀ ਧਾਰਨ ਕਰਤੇ ਭਏ ਹੈਂ ॥ ੪ ॥

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥ ੫ ॥

ਇਨ ਵਿਕਾਰ ਰੂਪੀ ਦੂਤੋਂ ਨੇ ਇਸ ਮੂਰਖ ਮਨ ਕੋ ਬੰਧਨ ਕਰਕੇ ਮਾਰਿਆ ਹੈ ਪਰੰਤੂ ਇਹ ਮਨ ਵਡਾਨਿਲਾਜਹੈਅਜੇਤਕ ਇਨੋਂ ਕੀ ਤਰਫੋਂ ਹਾਰਿਆ ਨਹੀਂ ਹੈ ਭਾਵ ਪੁਨਾ ਇਨੋਂ ਮੈਂ ਹੀ ਪ੍ਰਵਿਰਤ ਹੋਤਾ ਹੈ ॥ ੫ ॥

ਕਹਿ ਰਵਿਦਾਸ ਕਹਾ ਕੈਸੇ ਕੀਜੈ॥ ਬਿਨੁ ਰਘੁਨਾਥ ਸਰਨਿ ਕਾਕੀ ਲੀਜੈ ॥ ੬ ॥੧ ॥

ਸ੍ਰੀ ਰਵਿਦਾਸ ਜੀ ਕਹਿਤੇ ਹੈਂ ਹੇ ਹਰੀ ਇਨਸੇ ਭਾਜ ਕਰ ਕਹਾਂ ਜਾਈਏ ਔ ਕੈਸੇ ਕੀਜੀਏ ਤਾਂਤੇ ਹੇਰਘਨਾਥਇਨਸੇਬਚਣੇ ਹੇਤ ਤੇਰੇ ਸੇ ਬਿਨਾਂ ਔਰ ਕਿਸਕੀ ਸ਼ਰਣ ਲਈਏ। ਭਾਵ ਸੇ ਤੇਰੀ ਸ਼ਰਨ ਹੂੰ ਇਨ ਵਿਕਾਰੋਂ ਸੇ ਤੁਮ ਹੀ ਮੇਰੀ ਰਖਿਆ ਕਰੋ ॥ ੬ ॥ ੧ ॥

Digitized by Panjab Digital Library | www.panjabdigilib.org

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਨਿਜ ਮਨ ਕਾ ਪ੍ਰੇਮ ਜਨਾਵਤੇ ਹੈਂ ॥

ਰਾਗੁ ਟੋਡੀ ਮਹਲਾ ੪ ਘਰੁ ੧ ॥ ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ॥ ੧ ॥ ਰਹਾਉ ॥

ਹੇ ਭਾਈ ਹਰੀ ਤੇ ਬਿਨਾ ਮੇਰਾ ਮਨ ਰਹਿ ਨਹੀਂ ਸਕਤਾ ਹੈ ਕਿਉਂਕਿ ਜਬ ਗੁਰੋਂ ਨੇ ਮੇਰੇ ਸਾਥ ਮੇਰੇ ਪ੍ਰਾਨ ਰੂਪ ਪ੍ਰੀਤਮਹਰਿ ਪ੍ਰਭੂ ਮੇਲੇ ਤਬ ਪੁਨਾ ਸੰਸਾਰ ਸਮੁੰਦ੍ ਮੈਂ ਹਮਾਰਾ ਫੇਰਾ ਨਹੀਂ ਹੋਇਗਾ ਭਾਵ ਸੇ ਜਨਮ ਸੇ ਰਹਿਤ ਹੋਵੇਂਗਾ ॥

ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ ॥

ਮੇਰੇ ਹ੍ਰਿਦੇ ਮੈਂ ਜਿਸ ਹਰਿ ਪ੍ਰਭੂ ਕੀ (ਲੋਚ) ਇਛਾ ਲਗੀ ਹੋਈ ਥੀ ਸੋ ਹਰਿ ਪ੍ਰਭੂ ਅਬ ਮੈਨੇ ਬੁਧੀ ਰੂਪੀ ਨੇਤ੍ਰੋਂ ਸੇ ਦੇਖਾ ॥

ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ ॥ ੧ ॥

ਸਤਿਗੁਰੋਂ ਨੇ ਦਇਆਲ ਹੋਕਰ ਮੇਰੇ ਕੋ ਹਰੀ ਕਾ ਨਾਮੁ ਦ੍ਰਿੜਾਯਾ ਹੈ ਕਿਉਂਕਿ ਹਰਿ ਪ੍ਰਭੂ ਕੇ ਪਾਵਣੇ ਕਾ (ਪਾਧਰੁ)ਰਸਤਾ (ਹਰਿ) ਸਭ ਕੋ ਏਕ ਨਾਮ ਕਾ ਜਾਪ ਹੀ ਹੈ ॥ ੧ ॥

ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥

ਹੇ ਹਰਿ ਗੋਬਿੰਦ ਪ੍ਰਭੂ ਰੰਗੀ ਕਾ ਹਰਿ ਹਰਿ ਨਾਮੁ (ਪ੍ਰਭ) ਸਮਰਥੁ ਵਾ ਸਤਿਗੁਰੋਂ ਸੇ ਪਾਇਆ ਹੈ ॥

ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ ॥ ੨ ॥

ਹਿਰਦੇ ਮੈਂ ਮਨੋਂ ਤਨੋਂ ਮੇਰੇ ਕੋ ਹਰੀ ਕਾ ਨਾਮ ਹੀ ਮੀਠਾ ਅਰਥਾਤ ਪਿਆਰਾ ਲਾਗਾਹੈ ਕਿਉਂਕਿ ਮੇਰੇ ਮਸਤਕ ਮੈਂ ਮੁਖਰਪ ਭਾਗ ਚੰਗਾ ਥਾ ॥ ੨॥

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥

ਜਿਨੋਂ ਕਾ ਮਨ ਲੋਭ ਆਦੀ ਵਿਕਾਰੋਂ ਮੈਂ ਲਾਗਾ ਹੈ ਤਿਨੋਂ ਕੋ ਹਰੀ ਪੁਰਖ ਸਰਬ ਤੇ(ਚੰਗੇਰਾ)ਉਤਮਵਿਸਰਿ ਗਿਆਹੈ॥੩॥

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥ ੩ ॥

ਵਹੁ ਮਨਮੁਖ ਪੁਰਸ਼ ਮੂਰਖ ਅਗਿਆਨੀ ਕਹੀਤੇ ਹੈਂ ਤਿਨੋਂ ਕੇ ਮਸਤਕ ਮੈਂ ਭਾਗ ਮੰਦਾ ਅਰਥਾਤ ਮਾੜਾ ਹੈ ॥ ੩ ॥

ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥

ਇਹ ਵਿਵੇਕ ਬੁਧੀ ਮੈਨੇ ਸਤਿਗੁਰੋਂ ਸੇ ਪਾਈ ਹੈ ਤਿਸੀ ਤੇ ਸਰਬ ਕੇ(ਗੁਰ)ਪੂਜਨ ਵਾਹਿਗੁਰੂ ਪ੍ਰਭੂ ਕਾ(ਗੁਰ)ਵਡਾ ਗਿਆਨ ਭਜਾ ਹੈ ॥

ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥ ੪ ॥ ੧ ॥

ਸ੍ਰੀ ਗੁਰੂ ਜੀ ਕਹਤੇ ਹੈਂ ਮੈਂ ਜਨ ਨੇ ਗੁਰੋਂ ਸੇ ਨਾਮੁ ਪਾਇਆ ਹੈਂ ਕਿਉਂਕਿ (ਧੁਰਿ) ਆਦੋਂ ਹੀ ਮਸਤਕ ਪਰ ਭਾਗ ਲਿਖਾ ਹੂਆ ਥਾ ॥ ੪ ॥ ੧ ॥

ਟੋਡੀ ਮਹਲਾ ੫ ਘਰੁ ੧ ਦੁਪਦੇ ॥ ੧ ਓ ਸਤਿਗੁਰਪ੍ਰਸਾਦਿ ॥
ਸੰਤਨ ਅਵਰ ਨ ਕਾਹੂ ਜਾਨੀ॥ਬੇਪਰਵਾਹ ਸਦਾ ਰੰਗਿ ਹਰਿ ਕੈ ਜਾਕੋ ਪਾਖੁ ਸੁਆਮੀ॥ਰਹਾਉ॥

